Oct 72

☬

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰ 15 ਰੁਪਏ

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬) ੧ ਅਕਤੂਬਰ, ੧੯੭੨ (ਅੰਕ ੯

## ਸਤੇ ਬਲਵੰਡ ਕੀ ਵਾਰ

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ[1] ਤਿਨੈ ਸਵਾਰਿਆ[2] ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣ ਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ[3] ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤ ਨ ਪਾਰਾਵਾਰਿਆ ॥
ਜਿਨੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮ ਕ੍ਰੋਧ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ[4] ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ[5] ॥
ਨਾਨਕੁ ਤੂ ਲਹਣਾ ਤੂ ਹੈ ਗੁਰੁ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥ ੭ ॥

੧. ਸਿਰਜਿਆ ੨. ਵਡਿਆਈ ਦਿਤੀ ੩. ਪਾਰਬ੍ਰਹਮ ਸਮਝ ਕੇ ੪. ਪਰਵਾਰ ਸਮੇਤ ੫. ਸੰਗਤ, ਪਸਾਰਾ

www.AKJ.Org

ੴ ਵਾਹਿਗੁਰੂ ਜੀ ਕੀ ਫਤਹ ॥

# ਸਿੱਖ ਕੌਣ ਹੈ ?

ਲੇਖਕ : ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸਿੱਖ ਮਤ ਉਤੇ ਕੋਰਾ ਵਿਸ਼ਵਾਸ ਰਖਣਾ ਕੁਛ ਹੋਰ ਚੀਜ਼ ਹੈ, ਗੁਰੂ ਕੇ ਹੁਕਮਾ ਦੇ ਅਨੁਸਾਰ ਚਲਣਾ ਅਰਥਾਤ ਗੁਰੂ ਦੇ ਭਾਣੇ ਅੰਦਰ ਵਰਤਣਾ ਕੁਛ ਹੋਰ ਗਲ ਹੈ। ਵਿਸ਼ਵਾਸ਼ ਤਾ ਕੇਵਲ ਗਲੀਂ ਬਾਤੀਂ ਘਰ ਪੂਰਾ ਕਰ ਲੈਣ ਵਾਲੀ ਗਲ ਹੈ। ਗੁਰ ਹੁਕਮਾਂ ਦੀ ਕਮਾਈ (ਅਸਲੀ ਵਰਤੋਂ) ਭਾਵੇਂ ਹੋਵ ਭਾਵੇਂ ਨਾ ਹੋਵੇ, ਸਿੱਖ ਮਤ ਦਾ ਧਾਰਨੀ ਭਾਵੇਂ ਹੋਵੇ ਭਾਵੇਂ ਨਾ ਹੋਵੇ, ਸਿਖ ਮਤ ਦੇ ਪਰਵਾਨ ਕਰਤੇ ਨੂੰ ਸਿਖ ਮਤਿ ਦਾ ਧਾਰਨੀ ਨਹੀਂ ਕਹਿ ਸਕਦੇ। ਸੋ ਜਦ ਤਾਈਂ ਗੁਰੂ ਦੇ ਹੁਕਮ ਰਜਾਈ ਚਲਦਾ, ਵਰਤਦਾ ਹੋਇਆ ਕੋਈ ਪੁਰਸ਼ ਸਿਖ ਮਤ ਨੂੰ ਧਾਰਨ ਨਾ ਕਰ ਲਵੇ, ਨਿਰੇ ਸਿਖ ਮਤਿ ਉਪਰ ਵਿਸ਼ਵਾਸ਼-ਰਖਣ ਨਾਲ ਉਹ ਸਿਖ ਨਹੀਂ ਬਣ ਸਕਦਾ। ਕਿਉਂ ਕੀ ਸਿਖ ਤਾਂ ਉਹੋ ਹੀ ਹੈ, ਜੋ ਗੁਰੂ ਦੇ ਭਾਣੇ ਅੰਦਰ ਆਵੇ। ਨਹੀਂ ਆਪੌਂ (ਆਪਣ ਮੂੰਹੋਂ) ਸਿਖ ਸਦਵਾਉਣ ਨਾਲ ਕੋਈ ਸਿਖ ਕਿਵੇਂ ਬਣ ਸਕਦਾ ਹੈ। ਜਦ ਉਪਰਲੇ ਗੁਰ ਪਰਮਾਣ ਦੀ ਦੂਜੀ ਤੁਕ ''ਆਪਣੇ ਭਾਣੈ ਜੋ ਚਲੈ ਭਾਈ ਸੋ ਵਿਛੜ ਚੋਟਾ ਖਾਵੈ ' ਤੋਂ ਸਾਫ ਸਿਧ ਹੈ ਕਿ ਆਪਣ ਭਾਣ ਅੰਦਰ ਚਲਣ ਵਾਲੇ ਅਰਥਾਤ ਆਪਣੀ ਕਥਨੀ ਬਦਨੀ ਦੁਆਰਾ ਆਪਣੇ ਆਪ ਵਿਚ ਕੁਛ ਸਿਖ ਬਣ ਫਿਰਨ ਵਾਲੇ ਸਤਿਗੁਰ ਤੋਂ ਵਿਛੜੇ ਹੋਏ ਹਨ ਅਤੇ ਪਏ ਭਰਮਦੇ ਭਟਕਦੇ ਫਿਰਦੇ ਹਨ। ਉਹ ਸਤਿਗੁਰ ਨਾਲ ਕੋਈ ਸਬੰਧ ਨਹੀਂ ਰਖਦੇ। ਸਤਿਗੁਰ ਦਾ ਸਬੰਧ ਕੇਵਲ ਉਨ੍ਹਾਂ ਪੁਰਸ਼ਾ ਨਾਲ ਹੀ ਹੈ, ਜੋ ਸਤਿਗੁਰ ਦੇ ਭਾਣੇ ਅੰਦਰ ਆ ਗਏ ਹੋਣ। ਜੋ ਗੁਰੂ ਦੇ ਹੁਕਮ ਰਜਾਈ ਚਲਣ ਵਾਲੇ ਹੋਣ, ਬਸ ਸਤਿਗੁਰ ਦੇ ਐਸੇ ਸਨਬੰਧੀ ਅਰਥਾਤ ਬੰਧਪ ਹੀ ਸਿਖ ਸਦਾ ਸਕਦੇ ਹਨ। ਆਪੌਂ ਕੋਈ ਆਪਣੇ ਆਪ ਨੂੰ ਸਿਖ ਨਹੀਂ ਸਦਾ ਸਕਦਾ। ਆਪਣੀ ਕਥਨੀ ਬਦਨੀ ਦਵਾਰਾ ਅਜ ਕਲ ਦੇ ਚੁੰਚ ਗਿਆਨੀ ਆਪਣੇ ਆਪ ਨੂੰ ਕੇਵਲ ਸਿਖ ਹੀ ਨਹੀਂ ਸਦਾਉਦੇ ਸਗੋਂ ਬ੍ਰਹਮ ਗਿਆਨੀ ਬਣੇ ਬੈਠੇ ਹਨ। ਪ੍ਰੰਤੂ ਅਜਿਹੇ ਕਥਨੀ ਦੇ ਚੁੰਚ ਮੁਖੀਆਂ ਦੇ ਮੂੰਹ ਉਤੇ ਗੁਰਵਾਕ ਕੇਹੀ ਕਸਵੀਂ ਚਪੇੜ ਮਾਰਦਾ ਹੈ। ਯਥਾਗੁ: ਵਾ:

'ਗਿਆਨੁ ਗਿਆਨੁ ਕਥੈ ਸਭੁ ਕੋਈ ।। ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ



www.AKJ.Org

। ਬਿਨੁ ਰਸੁਰਾਤੇ ਮੁਕਤਿ ਨ ਹਈ । ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਿਤ ਸਾਚਾ ਮਨਿ ਸੋਈ॥ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥"

ਦੇਖਿਆ! ਕੇਵਲ ਕਥਨੀ ਦਵਾਰਾ ਆਪਨੇ ਆਪ ਨੂੰ ਕੁਛ ਸਦਾਉਣ ਵਾਲਿਆਂ ਅਤੇ ਸੱਚੀ ਕਮਾਈ ਅਥਵਾ ਰਹਿਤ ਰਹਿਣੀ ਤੋਂ ਉਰੇ ਫਿਰਨ ਵਾਲਿਆਂ ਨੂੰ ਇਸ ਗੁਰਵਾਕ ਅੰਦਰ 'ਮਨਮੁਖ" ਦਾ ਖਿਤਾਬ ਮਿਲਿਆ ਹੈ। ਸੋ ਆਪਣੇ ਆਪ ਵਿਚ ਹੀ ਸਿਖ ਬਣੇ ਫਿਰਨ ਵਾਲਾ ਸਿਖ ਕਦਾਚਿਤ ਨਹੀਂ ਸਦਾ ਸਕਦਾ। ਉਹ ਮਨਮੁਖ ਹੈ, ਅਸਿਖ ਹੈ, ਨਿਗੋਸਾਇਆ ਹੈ ਨਿਗੁਰਾ ਹੈ ਅਤੇ "ਸਤਿਗੁਰ ਬਾਝੋਂ ਗੁਰ ਨਹੀਂ ਕੋਈ, ਨਿਗੁਰੇ ਕਾ ਹੈ ਨਾਉ ਬੁਰਾ" ਦੇ ਗੁਰਵਾਕ ਤੋਂ ਸਪਸ਼ਟ ਇਹ ਸਿਧ ਹੁੰਦਾ ਹੈ ਕਿ ਸਤਿਗੁਰ ਨਾਨਕ ਦੇਵ ਜੀ ਦੇ ਬਿਨਾਂ ਹੋਰ ਕੋਈ ਗੁਰੂ ਸੰਸਾਰ ਵਿਖੇ ਹੈ ਨਹੀਂ ਅਤੇ ਇਸ ਸਚੇ ਗੁਰੂ ਦੇ ਧਾਰਨ ਕੀਤੇ ਬਿਨਾਂ ਪੁਰਸ਼ ਇਸ ਸੰਸਾਰ ਵਿਖੇ ਨਿਗੁਰਾ ਹੀ ਰਹਿੰਦਾ ਹੈ। ਅਜੇਹੇ ਨਿਗੁਰੇ, ਅਸਿਖ ਪੁਰਸ਼ ਦਾ ਨਾਉਂ ਹੀ ਬੁਰਾ ਹੈ, ਉਸ ਨੂੰ ਗੁਰੂ ਦਾ ਸਿਖ ਕਦੋਂ ਕਿਹਾ ਜਾ ਸਕਦਾ ਹੈ। ਉਹ ਤਾਂ ਸਦਾ ਆਪਣੇ ਭਾਣੇ ਅੰਦਰ ਚਲਦਾ ਹੈ ਅਤੇ ਵਿਛੜ ਵਿਛੜ ਚੋਟਾਂ ਖਾਂਦਾ ਹੈ, ਜੈਸੇ ਕਿ ਗੁਰਵਾਕ ਹੈ—

'ਸੋ ਨਿਗੁਰਾ ਜੋ ਗੁਰ ਕੇ ਭਾਣੇ ਕੀ ਸਾਰ ਨ ਜਾਣੇ।"

ਤਥਾ—"ਨਿਗੁਰਾ ਜੋ ਮਰ ਮਰ ਜੰਮੇ ਨਿਗੁਰੇ ਆਵਣ ਜਾਵਣਿਆ ॥"

ਹੁਣ 'ਸਤਿਗੁਰ ਬਾਝੋਂ ਗੁਰ ਨਹੀਂ ਕੋਈ ਨਿਗੁਰੇ ਕਾ ਹੈ ਨਾਉ ਬੁਰਾ—" ਵਾਲੇ ਗੁਰ ਪ੍ਰਮਾਣ ਤੋਂ ਗੁਰਮਤਿ ਦਾ ਇਕ ਹੋਰ ਬੜਾ ਭਾਰੀ ਅਸੂਲ ਅਰੂੜ ਹੁੰਦਾ ਹੈ ਉਹ ਇਹ ਹੈ ਕਿ ਯਦਪ ਸਤਿਗੁਰੂ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਸੋ ਸਿਖ ਪਦ ਭੀ ਕੇਵਲ ਉਨਾਂ ਉਤੇ ਘਟ ਸਕਦਾ ਹੈ ਜੋ ਕੇਵਲ ਗੁਰੂ ਨਾਨਕ ਦੇਵ ਦੇ ਹੀ ਸਿਖ ਹੋਣ। ਜ ਭੇਖੀ ਗੁਰੂ ਸੰਸਾਰ ਵਿਖ ਬਣੇ ਫਿਰਦੇ ਹਨ ਉਹਨਾ ਦੇ ਚੇਲੇ ਭੀ 'ਸਿਖ ਸਦਾਉਣ ਦੇ ਅਧਿਕਾਰੀ ਨਹੀਂ। ਜੈਸਾ ਕਿ ਇਸ ਅਗਲੇ ਗੁਰਵਾਕ ਤੋਂ ਸਪਸ਼ਟ ਹੈ ਯਥਾ ਗੁ: ਵਾ:—

"ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰੇਨ ॥
ਓਇ ਭਾਣੇ ਚਲਨਿ ਆਪਣ ਨਿਤ ਝੂਠੋ ਝੂਠੁ ਬੋਲੇਨ ॥
ਕੂੜੁ ਕੁਸਤੁ ਕਮਾਵਦੇ ਪਰਨਿੰਦਾ ਸਦਾ ਕਰੇਨਿ ॥
ਓਇ ਆਪਿ ਡੁਬੇ ਪਰਨਿੰਦਕਾ ਸਗਲੇ ਕੁਲ ਡੋਬੇਨਿ ॥
ਨਾਨਕ ਜਿਤੁ ਓਇ ਲਾਏ ਤਿਤੁ ਲਗੇ ਓਇ ਬਪੁੜੇ ਕਿਆ ਕਰੇਨਿ ॥"

ਇਸ ਗੁਰਵਾਕ ਤੋਂ ਸਾਨੂੰ ਹਦਾਇਤ ਮਿਲਦੀ ਹੈ ਕਿ ਭੇਖੀ ਅਗਿਆਨੀ ਗੁਰੂ ਦੇ ਸਿਖ ਭੀ ਹੁੰਦੇ ਹਨ। ਉਹ ਐਵੇਂ ਹੀ ਆਪਣੇ ਆਪ ਉਤੇ ਅਣਹੋਇਆ 'ਸਿਖ" ਪਦ ਘਟਾ ਲੈਂਦੇ ਹਨ। ਵਾਸਤਵ ਵਿਚ ਹੁੰਦੇ ਉਹ ਨਿਰੇ ਅਗਿਆਨੀ ਅੰਧਲੇ ਅਸਿਖ ਹਨ ਅਲਪਗ, ਅਗਿਆਨੀ ਗੁਰ ਦੇ ਸਿਖ ਜੁ ਹੋਏ। ਜੈਸਾ ਕਿ ਗੁਰੂਵਾਕ ਹੈ:—

'ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥"



www.AKJ.Org

ਤਥਾ—'ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥"

ਅਜਿਹੇ ਅਗਿਆਨੀ ਆਪਨੇ ਆਪ ਹੀ ਗੁਰੂ ਬਣ ਬੈਠਣ ਵਾਲੇ ਅਤੇ ਆਪਣੇ ਆਪ ਨੂੰ ਨਿਖੜਵਾਂ ਭੁਖ ਮਾਤਰ ਗੁਰੂ ਸਦਾਉਣ ਵਾਲੇ ਪੁਰਸ਼ ਦੇ ਚੇਲੇ ਚਪਾਟੇ ਭੀ ਭੇਖੀ ਅਤੇ ਅਗਿਆਨੀ ਹੁੰਦੇ ਹਨ ਉਹ ਭੀ ਸਦਵਾਉਂਦੇ ਆਪਣੇ ਆਪ ਨੂੰ ਸਿਖ ਹਨ, ਪਰੰਤੂ ਕਰਮ ਉਹਨਾ ਦੇ ਅਸਿਖਾਂ ਵਾਲੇ ਹੁੰਦੇ ਹਨ, ਕਿਉਂਕਿ ਦੂਜੀ ਤੁਕ ਅੰਦਰ ਦਸਿਆ ਹੈ ਕਿ ਉਹ ਆਪਣੇ ਭਾਣੇ ਅੰਦਰ (ਮਨ ਦੀ ਮਰਜੀ ਅਨੁਸਾਰ) ਹੀ ਚਲਦੇ ਹਨ ਅਤੇ ਸਭ ਤੋਂ ਪਿਰਥਮ ਪਰਮਾਨ ਗੁਰਵਾਕ ਅੰਦਰ ਦਸਿਆ ਹੈ ਕਿ ਜਿਹੜੇ ਆਪਣੇ ਭਾਣੇ ਅੰਦਰ ਚਲਣ ਵਾਲੇ ਹਨ, ਉਹਨਾ ਦਾ ਸਤਿਗੁਰ ਨਾਲ ਕੋਈ ਸਨਬੰਧ ਸਾਕ ਨਹੀਂ। ਅਰਥਾਤ ਉਹ ਗੁਰੂ ਦੇ ਸਿਖ ਨਹੀਂ ਸਦਵਾ ਸਕਦ। ਸੋ ਇਸ ਪਿਛਲੇਰੇ ਗੁਰੂ ਪਰਮਾਣ ਤੋਂ ਅਸਾਂ ਨੂੰ ਸਾਫ ਇਹ ਸਮਝੌਤੀ ਮਿਲਦੀ ਹੈ ਕਿ ਅਜਿਹੇ ਕਚੇ ਪਿਲੇ ਭੇਖੀ ਅਤੇ ਡਿੰਭੀ ਗੁਰੂਆਂ ਦੇ ਚੇਲੇ ਚਾਟਿਆਂ ਨੂੰ ਕਦੇ ਸਿਖ ਕਰਕੇ ਨਹੀਂ ਜਾਨਣਾ। ਚਾਹੇ ਉਹ ਆਪ ਨੂੰ ਕਿਤਨਾ ਹੀ ਕਿਉਂ ਨਾ ਸਿਖ ਸਦਾਉਂਦੇ ਫਿਰਨ। ਕਿਉਂਕਿ ਉਨ੍ਹਾਂ ਦਾ ਤਾਂ ਕਸਬ ਨਿਰਾ ਪ੍ਰਤਿ ਝੂਠੋ ਝੂਠ ਬੋਲਣਾ ਅਤੇ ਕੂੜ ਕੁਸਤ ਕਮਾਵਣਾ ਹੈ ਆਪਣੇ ਮੂੰਹੋਂ ਮੀਆਂ ਮਿਠੂ ਤਾਂ ਸਭ ਕੋਈ ਬਣ ਜਾਂਦਾ ਹੈ। ਆਪੋਂ ਚਾਹੇ ਕੋਈ ਕਿਤਨਾ ਹੀ ਨਿਜ ਨੂੰ ਸਿਖ ਸਦਵਾਏ, ਉਸ ਨਿਜ ਕਥਨੀ ਦੁਆਰਾ ਉਹ ਕਦਾਚਿਤ ਸਿਖ ਨਹੀਂ ਬਣ ਸਕਦਾ, ਨਾ ਸਿਖ ਤਸਲੀਮ ਕੀਤਾ ਜਾ ਸਕਦਾ ਹੈ। ਇਸ ਗੁਰਵਾਕ ਦੀ ਵਿਆਖਿਆ ਤੋਂ ਸਿਟਾ ਨਿਕਲਿਆ ਕਿ ਸਿਖ ਕੇਵਲ ਗੁਰੂ ਨਾਨਕ ਦੇਵ ਜੀ ਦੀ ਸਿਖੀ ਧਾਰਣ ਕਰਨ ਵਾਲੇ ਨੂੰ ਕਹਿ ਸਕਦੇ ਹਨ। ਗੁਰੂ ਘਰ ਤੋਂ ਬੇਮੁਖ, ਭੇਖੀ ਦੇਹਧਾਰੀ ਗੁਰੂਆਂ ਦੇ ਚੇਲੇ ਜੋ ਕਿ ਗੁਰਮਤਿ, ਸਿਖ ਮਤਿ, ਗੁਰੂ ਨਾਨਕ ਦੇਵ ਜੀ ਦੀ ਸਿਖੀ ਦੇ ਧਾਰਨੀ ਨਾ ਹੋਣ ਉਹਨਾਂ ਦਾ ਨਾਉਂ ਭੀ ਸਿਖ ਨਹੀਂ। ਇਨ੍ਹਾਂ ਭੇਖੀ ਅਤੇ ਦੇਹਧਾਰੀ ਗੁਰੂਆ ਅਤੇ ਅਜਿਹੇ ਨਕਲੀ ਗੁਰੂਆਂ ਦੇ ਨਕਲੀ ਸਿਖ ਦਾ ਝਮੇਲਾ ਗੁਰੂ ਪੰਥ ਵਿਖੇ ਪਹਿਲੇ ਦਿਨੋਂ ਪੈਂਦਾ ਰਿਹਾ ਹੈ। ਪ੍ਰਤੂ ਗੁਰੂ ਕਰਣੀ ਦੁਆਰਾ ਤਾਬੜ ਤੋੜ ਹੀ ਨਿਬੜਦਾ ਰਿਹਾ ਹੈ। ਅੰਤੀ ਗੁਰ ਨਾਨਕ, ਸ੍ਰੀ ਦਸਮੇਸ਼ ਜੀ ਨੇ ਓੜਕ ਏਸ ਝਮੇਲੇ ਨੂੰ ਅਜਿਹਾ ਨਬੇੜਿਆ ਕਿ ਗੁਰੂ ਘਰ ਦੀ ਗੁਰਸਿਖੀ ਦੀ ਜੁਗਾਂ ਜੁਗਾਤ੍ਰਾਂ ਲਈ ਅਟੱਲ ਪਰਖ ਅਤੇ ਪਛਾਣ ਅਰੂੜ ਕਰ ਦਿਤੀ। ਜਿਸ ਤੋਂ ਕਦਾਚਿਤ ਭੀ ਇਹ ਧੋਖਾ ਨਹੀਂ ਲਗ ਸਕਦਾ ਕਿ ਸਚਾ ਸਿੱਖ ਕਿਹੜਾ ਹੈ ਅਤੇ ਭੇਖੀ ਸਿਖ ਕਿਹੜਾ ਹੈ।

ਬਸ ਜਦ ਸ੍ਰੀ ਦਸਮੇਸ਼ ਜੀ ਨੇ ਆਪਣੀ ਅਗਾਧ ਅਤੇ ਅਮਿਤ ਗਤੀ ਦੁਆਰਾ ਸਿਖ ਬਨਣ ਅਤੇ ਸਿਖ ਮਤਿ ਧਾਰਨ ਦੀ ਪਵਿਤਰ ਮਰਯਾਦਾ ਸਦੀਵ ਲਈ ਅਤੇ ਸਭ ਲਈ ਚਰਨਾਂਮ੍ਰਿਤ ਦੀ ਜਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਪੰਚ ਖਾਲਸਾ ਦੀ ਰਾਹੀਂ ਤਿਆਰ ਕੀਤੇ ਖੰਡੇ ਦੇ ਅੰਮ੍ਰਿਤ ਵਿਖ ਬਦਲ ਦਿਤੀ ਹੈ ਅਤੇ ਇਸ ਬਿਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਰੂਪੀ ਪਦਵੀ ਨੂੰ ਜੁਗਾਂਤਰਾਂ ਲਈ ਅਟੱਲ ਅਤੇ ਅਰੂੜ ਕਰ ਦਿਤਾ ਹੈ। ਤਦ ਅਜ ਕਲ ਸਿਖ ਬਣਨ ਲਈ ਅਤੇ ਸਿਖ ਮਤਿ ਦੇ ਧਾਰਨ ਕਰਨ ਲਈ ਪ੍ਰਿਥਮ ਅਤੇ ਮੂਲ ਨਿਯਮ ਖੰਡੇ ਦੇ ਅੰਮ੍ਰਿਤ ਰੂਪ ਪਵਿਤਰ ਗੁਰਮਰਯਾਦਾ ਤੋਂ ਭਿੰਨ ਕਦਾਚਿਤ ਕੋਈ ਹੋਰ ਹੋ ਨਹੀਂ ਸਕਦਾ। ਸਿਖ ਬਣਾਉਣ ਦੀ ਪਵਿਤਰ ਮਰਯਾਦਾ ਦੇ ਇਸ ਬਿਧ ਕਾਇਆਂ ਪਲਟਣ ਦਾ ਦੂਜਾ ਪ੍ਰਗਟ ਅਤੇ ਪ੍ਰਸਿਧ ਕਾਰਨ ਇਹ ਹੈ ਕਿ ਸਿਖ ਕੌਮ ਮੁਢ



www.AKJ.Org

ਤੋਂ ਹੀ (ਅਰਥਾਤ ਸ੍ਰੀ ਗੁਰੂ ਪਹਿਲੀ ਪਾਤਸ਼ਾਹੀ ਦੇ ਸਮੇਂ ਤੋਂ ਹੀ) ਰਾਜ ਯੋਗ ਮਾਨਣ ਵਾਲੀ ਅਰਥਾਤ ਗ੍ਰਹਸਤ ਵਿਖੇ ਰਹਿ ਕੇ ਹੀ ਮੋਖਸ਼ ਪਦਵੀ ਨੂੰ ਪ੍ਰਾਪਤ ਹੋਣ ਵਾਲਾ ਪਰਉਪਕਾਰੀ ਅਤੇ ਪਰਮਾਰਥੀ ਜੱਥਾ ਹੈ, ਪਹਿਲੀ ਪੰਜੇ ਪਾਤਸ਼ਾਹੀਆਂ ਦੇ ਸਮੇਂ ਤੀਕਰ ਤਾਂ ਸਿਖਾਂ ਦਾ ਪਰਉਪਕਾਰ ਅਤੇ ਪਰਮਾਰਥ ਨਿਰਵਿਘਣ ਨਿਭਦਾ ਰਿਹਾ। ਪ੍ਰੰਤੂ ਤਦ ਪਸਚਾਤ ਰਾਜ-ਗਰਦੀ ਅਤੇ ਨਾਨਾ ਪਰਕਾਰ ਦੇ ਜ਼ੋਰ ਜ਼ੁਲਮ ਅਤੇ ਅਨ੍ਹੇਰ ਗਰਦੀ ਦਾ ਦੌਰ ਦੌਰਾ ਹੋ ਜਾਣ ਪਰ ਸ੍ਰੀ ਸਤਿਗੁਰੂ ਜੀ ਨੇ ਛੇਵੇਂ ਜਾਮੇਂ ਤੋਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਗੁਰਸਿਖਾਂ ਨੂੰ ਯੁਧ ਜੰਗ ਲਈ ਸਨਧਬੱਧ ਰਖਣਾ ਅਰੰਭ ਕੀਤਾ। ਐਥੋਂ ਤਾਈਂ ਕਿ ਦਸਵਾ ਜਾਮਾ ਧਾਰ ਕੇ ਪਰਜਾ ਦੀ ਰਖਛਾ ਲਈ ਸੂਰਬੀਰ ਜੋਧਿਆਂ ਦਾ ਪੰਥ ਪਰਗਟ ਕਰਨ ਹਿਤ ਖੰਡੇ ਦੇ ਅੰਮ੍ਰਿਤ ਦੀ ਪਵਿਤਰ ਮਰਯਾਦਾ ਚਲਾ ਕੇ ਗੁਰਸਿਖਾਂ ਵਿਖੇ ਬੀਰ ਰਸ ਭਰ ਦਿਤਾ। ਹੁਣ ਇਸ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਜਿਆ ਸਿਖ ਉਹ ਸਿਖ ਹੈ, ਜੋ ਸਿਖੀ ਦੇ ਦਾਇਰੇ ਅੰਦਰ ਆ ਕੇ (ਗੁਰੂ ਕੇ ਭਾਣੇ ਅੰਦਰ ਆ ਕੇ) ਗੁਰਬਾਣੀ ਦੁਆਰਾ ਪਰਗਟ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਅਤੇ ਸਮੂਹ ਹੁਕਮਾਂ ਨੂੰ ਸਿਰ ਮਥੇ ਉਤੇ ਸਵੀਕਾਰ ਕਰਨ ਕਰਕੇ ਗੁਰੂਘਰ ਦਾ,ਗੁਰੂ ਦਾ ਸਤਿਗੁਰੂ ਗੁਰੂ ਨਾਨਕ ਦੇਵ ਜੀ,ਸਤਿਗੁਰੂ ਸ੍ਰੀ ਦਸਮੇਸ ਜੀ, ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਖ ਸਦਵਾਂਦਾ ਹੈ। ਉਹੀ ਸਿਖ ਪਰਉਪਕਾਰੀ, ਅਤੇ ਸਨਧਬੱਧ ਸ਼ਸਤਰਧਾਰੀ ਹੋਣ ਕਰਕੇ ਸਿੰਘ ਸਦਾਉਂਦਾ ਹੈ। ਉਹੀ ਸਿਖ ਖਾਲਸ (ਨਿਰਮਲ) ਪਰਉਪਕਾਰ ਹਿਤ ਪ੍ਰਗਟ ਹੋਇ ਖਾਲਸਾ ਪੰਥ ਦੀ ਇਕ ਅਦੁਤੀ ਅਤੇ ਅਕਾਲੀ ਅੰਸ ਹੋਣ ਕਰਕੇ, ਖਾਲਸਾ ਸਦਾਂਵਦਾ ਹੈ। ਜਿਸ ਦੇ ਘਟ ਅੰਦਰ ਸਦਾ ਹੀ ਵਾਹਿਗੁਰੂ ਦੀ ਜਾਗਤ ਜੋਤ ਜਗਦੀ ਹੈ। ਸੋਈ ਸਿਖ ਸਦੀਵ ਗੁਰੂ ਨੂੰ ਸਨਮੁਖ ਅਤੇ ਅੰਗ ਸੰਗ ਜਾਨਣ ਵਾਲਾ ਅਤੇ ਕੇਵਲ ਗੁਰੂ ਉਤੇ ਹੀ ਤਕ਼ੀਆ ਤਾਣ ਰਖਣ ਵਾਲਾ ਅਤੇ ਸਰਬ ਸੰਸਾਰ ਤੋਂ ਉਪਰਾਮ ਹੋ ਕੇ ਅਤੇ ਮਾਇਆ ਵਿਚ ਕੰਵਲ ਵਤ ਅਲੇਪ ਰਹਿ ਕੇ ਕੇਵਲ ਗੁਰੂ ਪਰਾਣਿ ਹੀ ਰਹਿਣ ਵਾਲਾ ਹੋਣ ਕਰਕੇ 'ਗੁਰਮੁਖ' ਅਖਾਉਂਦਾ ਹੈ। ਸੋਈ ਸਿਖ ਆਪਾ ਭਾਵ ਨਿਵਾਰ ਕੇ ਸਾਧ ਸੰਗਤ ਦੀ ਰੇਣਕਾ ਅਤੇ ਗਰੀਬੀ ਗਦਾ ਬਣਾਕੇ ਅਤੇ ਸੇਵਾ ਨੂੰ ਮੁਖ ਰਖ ਕੇ ਦਾਸਾਂ ਦਾ ਭੀ ਦਾਸ ਬਣ ਰਹਿਣ ਕਰ 'ਸੇਵਕ' ਦੀ ਪਦਵੀ ਨੂੰ ਪ੍ਰਾਪਤ ਹੈ। ਇਹ ਨਹੀਂ ਕਿ ਸਿਖ ਕੇਵਲ ਕੇਸਧਾਰੀ ਹੋਣ ਕਰ ਸਿੰਘ ਸਦਾਉਂਦਾ ਅਤੇ ਮੋਣਾ ਹੋਨ ਕਰ ਸਹਿਜਧਾਰੀ ਅਖਾਉਂਦਾ ਹੈ। ਇਸ ਬਿਧ ਜੋ 'ਸਿਖ ਪਦ' ਦੀ ਵਿਆਖਿਆ ਕਰਦੇ ਹਨ, ਉਹ ਗੁਰੂ ਘਰ ਦੇ ਗੂੜ੍ਹ ਪਰਮਾਰਥੀ ਭੇਦਾਂ ਅਤੇ ਗੁਰਸਿਖੀ ਤੋਂ ਹੀ ਅਗਿਆਤ ਹਨ। ਸਿਖ ਕੌਮ ਵਿਖੇ ਸਿਖ ਪਦ ਸੰਬੰਧੀ ਇਸ ਪਰਕਾਰ ਦੀ ਮਨ ਕਲਪਤ ਵਿਆਖਿਆ ਦਵਾਰਾ ਸਿਖ ਕੌਮ ਵਿਖੇ ਸਿਖਾਂ ਦੇ ਵਖੋ ਵਖ ਵਰਣ ਚਿਹਨ ਅਸਥਾਪਣ ਕਰ ਦੇ ਹਿੰਦੂ ਕੌਮ ਦੇ ਮੰਨੇ ਹੋਏ ਵਰਨ ਆਸ਼ਰਮ ਵਾਲੀ ਅਗਿਆਨਤਾ ਪੂਰਤ ਨਕਲ ਹੈ। ਗੁਰੂ ਘਰ ਦੀ ਪ੍ਰਕਰਾਮੀ ਗੁਰਸਿਖ ਗਾਥਾ ਅਨੁਸਾਰ ਜਿਸ ਪ੍ਰਕਾਰ ਕਿ ਇਕ ਸਿਖ ਦੇ ਜੀਵਨ ਵਿਖੇ ਹਿੰਦੂਆਂ ਦੇ ਸਾਰੇ ਅਰਥਾਤ ਚਾਰੇ ਵਰਨਾ ਆਸ਼ਰਮਾਂ ਵਾਲੇ ਗੁਣ ਗੁਫਤ ਅਤੇ ਪੂਰਤ ਹਨ।



www.AKJ.Org

ਪਰਮਾਰਥ ਦਾ ਪਾਂਧੀ ਸੰਤ ਭਗਤ ਅਤੇ ਗੁਰਮੁਖ ਬ੍ਰਹਮ ਵਿਚਾਰੀ ਬ੍ਰਹਮ ਗਿਆਨ ਹੋਣ ਕਰ ਕੇ ਸਿਖ ਬ੍ਰਹਮਣ ਹੈ, ਸੋਈ ਸਿਖ ਪਰਉਪਕਾਰੀ, ਸੂਰਬੀਰ ਯੋਧਾ ਹੋਣ ਕਰ ਕੇ ਛਤਰੀ ਹੈ । ਸੋਈ ਗ੍ਰਹਿਸਤੀ ਅਤੇ ਦਸਾਂ ਨਵਾਂ ਦੀ ਕਮਾਈ ਕਰ ਕੇ ਘਾਲ ਖਾਏ ਕੁਛ ਹਥੋਂ ਦੇਣ ਵਾਲਾ ਹੋਣ ਕਰਕੇ 'ਵੈਸ਼' ਹੈ ਅਤੇ ਸੋਈ ਸਿਖ ਸੇਵਾ ਦੇ ਮੰਡਲ ਦਾ ਮੋਹਰੀ ਹੋਣ ਕਰਕੇ ਸੂਦਰ ਹੈ । ਏਸੇ ਪ੍ਰਕਾਰ ਸਿੰਘ: ਖਾਲਸਾ, ਗੁਰਮੁਖ ਅਤੇ ਸੇਵਕ ਵਾਲੇ ਸਾਰੇ ਗੁਣ ਇਕੋ ਸਿਖ ਵਿਖੇ ਹੀ ਘਟਦੇ ਹਨ । ਸੋ 'ਸਿਖ ਪਦ' ਦੇ ਪੁਕਾਰਨ ਮਾਤਰ ਵਿਚ ਸਿੰਘ ਖਾਲਸਾ, ਗੁਰਮੁਖ ਅਤੇ ਸੇਵਕ ਆਪੇ ਹੀ ਪੁਕਾਰੇ ਜਾਂਦੇ ਹਨ । ਇਹ ਸਿਖ ਪਦ ਦੀ ਸਿਖ ਪਦਵੀ ਦੀ ਗੁਰੂ ਘਰ ਵਿਖੇ ਵਿਲਖ-ਣਤਾ ਹੈ । ਸੋ ਸਿਖ ਸਦਾਉ'ਣੇ ਵਾਲੇ ਭਰਾਵੋ । ਤੁਸੀਂ ਕਦੇ ਵੀ ਆਪਣੇ ਆਪ ਨੂੰ ਸਿਖ ਨਹੀਂ ਸਦਵਾ ਸਕਦੇ ਜਦ ਤੀਕਰ ਕਿ ਤੁਸਾਂ ਸਤਿਗੁਰੂ ਦਸਮੇਸ਼ ਜੀ ਦੇ ਸਮੇਂ ਪਰਚੁਰ ਪਵਿਤਰ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਿਖ ਨਹੀਂ ਬਣ ਜਾਂਦੇ। ਤੁਸਾਂ ਨੂੰ ਭਲੀ ਬਿਧ ਇਹ ਭੇਦ ਪ੍ਰਗਟ ਰਹੇ ਕਿ ਕੇਵਲ ਖੰਡੇ ਦੇ ਅੰਮ੍ਰਿਤ ਦੁਆਰਾ ਸਜੇ ਸਿੰਘ ਹੀ ਸਿਖ ਸਦਾ ਸਕਦੇ ਹਨ।ਆਪ ਕਹੋਗੇ, ਕਿਉਂ ਜੀ ਚਰਨ ਪਾਹੁਲ ਦੀ ਰਹੁਰੀਤ ਰੱਦ ਹੋ ਗਈ ? ਅਤੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਰਸਮ ਆਵਾਗਉਣ ਹੀ ਗਈ ? ਸੋ ਮਿੱਤਰ ਜੀ ਚਰਨ ਪਾਹੁਲ ਦੀ ਰਹੁ ਰੀਤ ਨੂੰ ਰਦ ਕਉਣ ਕਰ ਸਕਦਾ ਹੈ, ਚਰਨ ਪਾਹੁਲ ਦੀ ਮਰਯਾਦਾ ਪ੍ਰਵਾਣ ਪੈ ਚੁਕੀ ਹੈ, ਮੰਨੀ ਪ੍ਰਮੰਨੀ ਰਹਿ ਚੁਕੀ ਹੈ । ਪ੍ਰੰਤੂ ਸਮੇਂ ਅਨੁਸਾਰ ਜਦੋਂ ਉਸ ਦੀ ਲੋੜ ਉਸ ਦੇ ਤਤਪਰ ਰਖਣ ਦੀ ਲੜ ਗੁਰੂ ਜੀ ਨੂੰ ਪਰਤੀਤ ਹਈ, ਤਦੋਂ ਉਹ ਰੀਤ ਅਸਥਿਰ ਅਤੇ ਪਰਚੁਰ ਰਹੀ । ਜਦੋਂ ਭੂਤ ਭਵਿਖ ਤੇ ਭਵਾਨ ਤੀਨ ਕਾਲ ਦੇ ਦਾਨੀ ਅਤੇ ਚੋਜੀ ਗੁਰੂ ਜੀ ਨੂੰ ਸਮੇਂ ਨੇ ਹੋਰ ਹੀ ਅਨੋਖੀ ਅਤੇ ਖਾਸ ਲੋੜ ਪਰਤੀਤ ਕਰਾਈ, ਤਦ ਗੁਰੂ ਜੀ ਨੇ ਚਰਨ ਪਾਹੁਲ ਦੇ ਥਾਉਂ ਖੰਡੇ ਦੇ ਅੰਮ੍ਰਿਤ ਦੀ ਰੀਤ ਪਰਚਲਤ ਅਤੇ ਅਸਥਾਪਨ ਕਰ ਦਿਤੀ । ਅਤੇ ਨਾਹੀ ਅੰਮ੍ਰਿਤ ਦੀ ਮਰਯਾਦਾ ਪਰਚੁਰ ਹੋਣ ਕਰ, ਗੁਰੂ ਨਾਨਕ ਦੇਵ ਜੀ ਦੀ ਚਲਾਈ ਰਸਮ ਦੀ ਹਾਨੀ ਹੋਈ ਆਪ ਇਸ ਬਿਧ ਅਰੋਪ ਸਕਦੇ ਹੋ । ਹਾਨੀ ਹੁੰਦੀ ਤਦ ਜਾਣੀਏ ਜਦ ਕਿ ਹਾਨੀ ਕਰਨ ਵਾਲਾ ਕੋਈ ਹੋਰ ਦੂਸਰਾ ਹੋਵੇ । ਏਥੇ ਤਾਂ ਕਰਣ ਕਰਾਵਣਹਾਰ ਓਤ ਪੋਤ ਏਕੋ ਨਿਰੰਕਾਰ ਦੀ ਜੋਤ ਗੁਰੂ ਹੀ ਗੁਰੂ ਹੈ ਜੋ ਦਸ ਜਾਮੇ ਧਾਰ ਕੇ ਚੋਜ ਵਰਤਾ ਰਿਹਾ ਹੈ, ਆਪ ਨੂੰ ਜੋ ਗੁਰੂ ਨਾਨਕ ਦੇਵ ਅਤੇ ਗੁਰੂ ਦਸਮੇਸ ਜੀ ਦੇ ਸਰੂਪ ਵਿਖੇ ਕੋਈ ਭਿੰਨ ਭੇਦ ਭਾਸਿਆ ਹੈ, ਤਾਂ ਇਹ ਕਿਸ ਬਿਧ ਨਿਸਚਤ ਹੋ ਸਕਦਾ ਹੈ ਕਿ ਆਪ ਦੀ ਗੁਰੂ ਘਰ ਉਤੇ ਸ਼ਰਧਾ ਹੈ । ਆਪ ਗੁਰੂ ਪਦ ਦੀ ਮਹਿਮਾਂ ਨੂੰ ਹੀ ਨਹੀਂ ਪਰਖ ਸਕੇ । ਆਪ ਦਾ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਸਰੂਪ ਮੰਨਣ ਦਾ ਦਾਵਾ ਹੀ ਕੱਚਾ ਅਤੇ ਫੋਕਾ ਹੈ ।

ਕਿਉਂ ਜੀ, 'ਲੋਹਣ ਦੀ ਫੇਰਾਈਐ ਨਾਨਕ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ' ਦੇ ਗੁਰਵਾਕ ਅਨੁਸਾਰ ਅਤੇ ਭਾਈ ਗੁਰਦਾਸ ਜੀ ਦੇ ਮਹਾਂਵਾਕ :--

"ਮਾਰਿਆ ਸਿਕਾ ਜਗਤ੍ਰਿ ਵਿਚ ਨਾਨਕ ਨਿਰਮਲ
(ਖਾਲਸਾ) ਪੰਥ ਚਲਾਇਆ । ਥਾਪਿਆ ਲਹਿਣਾ



www.AKJ.Org

ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ। ਜੋਤੀ
ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ ॥"

ਤਥਾ—'ਸੋ ਟਿੱਕਾ ਸੋ ਛਤ੍ਰ ਸਿਰਿ ਸੋਈ ਸੱਚਾ ਤਖਤੁ ਟਿਕਾਈ॥
ਗੁਰ ਨਾਨਕ ਹੰਦੀ ਮੁੱਹਰ ਹੱਥਿ ਅੰਗਦ ਦੀ ਦੋਹੀ ਫਿਰਾਈ॥
ਦਿਤਾ ਛੋੜ ਕਰਤਾਰ ਪੁਰ ਬੈਠਿ ਖਡੂਰੇ ਜੋਤਿ ਜਗਾਈ॥"

ਇਹਨਾਂ ਵਾਕਾਂ ਦੇ ਭਾਵ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਾਮੇ ਵਿਖੇ ਪਰਵੇਸ਼ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੀ ਗੱਦੀ ਉਤੇ ਅਸਥਾਪਣ ਕਰ ਦਿਤਾ ਅਤੇ 'ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ' ਗੁਰਵਾਕ ਦੇ ਭਾਵ ਅਨੁਸਾਰ ਜਦ ਗੁਰੂ ਨਾਨਕ ਦੇਵ ਜੀ ਨੇ: ਗੁਰੂ ਅੰਗਦ ਜੀ ਨੂੰ ਗੁਰੂ ਮੰਨਣ ਦਾ ਸੱਚਾ ਹੁਕਮ ਗੁਰ ਸੰਗਤਾਂ ਪ੍ਰਤੀ ਫੁਰਮਾ ਦਿਤਾ ਤਦ ਸਚਿਆਰ ਸਿਖਾਂ ਨੇ ਤਾਂ ਸਿਰ ਮਥੇ ਉਤੇ ਏਸ ਹੁਕਮ ਨੂੰ ਮੰਨ ਲਿਆ ਅਤੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਸਾਖਸ਼ਾਤ ਰੂਪ ਮੰਨ ਕੇ ਗੁਰੂ ਅੰਗਦ ਦੇਵ ਜੀ ਦੀ ਸਿਖੀ ਵਿਖੇ ਤਤਪਰ ਹੋ ਗਏ। ਪ੍ਰੰਤੂ 'ਪੁਤਰੀ ਕੌਲ ਨ ਪਾਲਿਓ ਕਰ ਪੀਰਹੁ ਕੰਨ ਮੁਰਟੀਐ'' ਵਾਲਾ ਅਗਲੇਰਾ ਗੁਰਵਾਕ ਦਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੁਤਰਾਂ ਸ੍ਰੀ ਚਦ ਅਤੇ ਲਖਮੀ ਦਾਸ ਨੇ ਆਪਣੇ ਪਿਤਾ ਗੁਰੂ ਜੀ ਦੇ ਫੁਰਮਾਨ ਨੂੰ ਸਵੀਕਾਰ ਨ ਕੀਤਾ, ਜੈਸਾ ਕਿ ਹੋਰ ਸਾਰੀ ਸੰਗਤ ਨੇ ਕੀਤਾ ਸੀ ਅਤੇ ਗੁਰੂ ਅੰਗਦ ਦੇਵ ਜੀ ਨੂੰ ਪੀਰ (ਗੁਰੂ) ਕਰਕੇ ਮੰਨਣੋਂ ਕੰਨਾ (ਮੋਢਾ) ਮਰੋੜ (ਫੇਰ) ਗਏ ਜਿਸ ਦਾ ਸਿਟਾ ਕੀ ਹੋਇਆ। ਜੈਸਾ ਕਿ ਨਾਲ ਦਾ ਗੁਰਵਾਕ ਹੈ-

ਦਿਲ ਖੋਟੇ ਆਕੀ ਫਿਰਨ ਬੰਨਿ ਭਾਰ ਉਚਾਇਨ ਛਟੀਐ ॥"

ਉਹ ਸਤਿਗੁਰ ਤੋਂ ਆਕੀ ਬੇਮੁਖ ਅਤੇ ਕੂੜਿਆਰ ਹੋ ਕੇ ਸੰਸਾਰ ਵਿਖੇ ਬਿਚਰਨ ਲਗੇ ਅਤੇ ਗੁਰੂ ਘਰ ਤੋਂ ਧਕੇ ਗਏ। ਕਿਉਂਕਿ ਗੁਰਾਂ ਤੋਂ ਆਕੀ ਹੋ ਕੇ ਗੁਰੂ ਦੇ ਹੁਕਮ ਰਜਾਈ ਚਲਣੋਂ ਮੁਨਕਰ ਹੋ ਕੇ, ਗੁਰੂ ਦੇ ਭਾਣੇ ਅੰਦਰ ਆਉਣੋਂ ਸਿਰ ਫੇਰ ਕੇ ਉਹ ਨਿਰੇ ਆਪਣੇ ਭਾਣੇ ਅੰਦਰ ਹੀ ਆਪ ਮੁਹਾਰੇ ਹੋ ਕੇ ਚਲਣ ਲਗ ਪਏ ਸਨ। ਪਰ 'ਆਪਣੇ ਭਾਣੇ ਜੋ ਚਲੇ ਸੋ ਵਿਛੜ ਚੋਟਾਂ ਖਾਵੈ'' ਤਾਂਹੀ ਤਾਂ ਗੁਰੂ ਘਰ ਤੋਂ ਵਿਛੜ ਕੇ ਉਹਨਾਂ ਨੂੰ ਬੰਨਿ ਭਾਰ ਉਚਾਇਨ ਛਟੀਐ' ਅਹੰਕਾਰ ਬੇਮੁਖਤਾਈ ਦੇ ਭਾਰ ਦੀ ਛਟ ( ਗਧੇ ਵਾਲੀ ਗੂਣ ) ਸਦਾ ਲਈ ਸਿਰ ਤੇ ਚੁਕਣੀ ਪਈ। ਕਿਉਂ ਜੀ। ਦੇਖਿਆ ਕੇਵਲ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਪਿਰਥਮ ਸਰੂਪ ਅਰਥਾਤ ਕੇਵਲ ਪਹਿਲੀ ਪਾਤਸ਼ਾਹੀ ਉਤੇ ਭਰੋਸਾ ਰਖਣ ਵਾਲਿਆਂ ਅਤੇ ਗੁਰੂ ਨਾਨਕ ਦੇਵ ਜੀ ਦੇ ਦੂਜੇ ਸਰੂਪ ਗੁਰੂ ਅੰਗਦ ਦੇਵ ਜੀ ਅਰਥਾਤ ਦੂਜੀ ਪਾਤਸ਼ਾਹੀ ਤੋਂ ਸਿਰ ਫੇਰਨ ਵਾਲਿਆਂ ਦਾ ਗੁਰੂ ਘਰ ਉਤੇ ਅਤੇ ਗੁਰੂ ਘਰ ਦੇ ਸਰੂਪ (ਵਜੂਦ) ਉਤੇ ਕੱਚਾ ਵਿਸ਼ਵਾਸ ਨਿਕਲਿਆ ਅਤੇ ਉਹਨਾਂ ਗੁਰ ਗੋਪੇ ਛੁੱਟਰ ਅਤੇ



www.AKJ.Org

ਗੁਰ ਫਿਟਕੇ ਮੰਦ ਭਾਗੀਆਂ ਦਾ ਕੇਹਾ ਭੈੜਾ ਹਾਲ ਹੋਇਆ । ਜੈਸਾ ਕਿ ਇਸ ਪਰਥਾਇ ਉਚਾਰੇ ਗੁਰਵਾਕ ਤੋਂ ਨਿਰਣੇ ਹੁੰਦਾ ਹੈ ।

"ਹੋਦੇ ਪਰਤੱਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥ ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਮੁਹਿ ਪਾਹੀ ॥ ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ ॥ ਜਿਨਿ ਗੁਰੁ ਗੋਪਿਆ ਆਪਣਾ ਸੇ ਲੈਦੇ ਢਾਹਾ ਫਿਰਾਹੀ ॥ ਤਿਨ ਕੀ ਭੁਖ ਕਦੇ ਨਾ ਉਤਰੈ ਨਿਤ ਭੁਖਾ ਭੁਖ ਕੂਕਾਹੀ ॥ ਓਨਾ ਦਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ ਮਰਾਹੀ ॥ ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ ॥ ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤ ਗਵਾਈ ॥ ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟ ਉਠਾਹੀ ॥ ਹਰਿ ਤਿਨ ਕਾ ਦਰਸਨੁ ਨ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ ॥ ਧੁਰਿ ਕਰਤੈ ਆਪਿ ਲਿਖ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ ॥'

ਜ਼ਰਾ ਧਿਆਨ ਨਾਲ ਇਸ ਵਾਕ ਦੀ ਪਹਿਲੀ ਤੁਕ ਨੂੰ ਵਿਚਾਰੋ 'ਹੋਦੇ ਪਰਤਖ ਗੁਰੂ ਜੋ ਵਿਛੜੇ' ਇਹ ਤੁਕ ਸਾਫ ਸਪਸ਼ਟ ਕਰਦੀ ਹੈ ਕਿ ਜੋ ਪੁਰਸ਼ ਕੇਵਲ ਪਿਛਲੇਰੇ ਗੁਰ ਜਾਮੇ ਉਤੇ ਵਿਸ਼ਵਾਸ਼ ਰਖੇ ਅਤੇ ਵਰਤਮਾਨ ਕਾਲ ਦੇ ਹੁੰਦੇ ਹੋਏ ਗੁਰ ਗੱਦੀ ਤੇ ਪਰਤਖਛ ਬਰਾਜਮਾਨ ਗੁਰੂ ਤੋਂ ਬਮੁਖ ਹੋ ਕੇ ਵਿਛੜ ਜਾਇ ਅਸ਼ਰਧਕ, ਨਿਗੁਰਾ ਨਿਖਸਮਾ ਹੋ ਜਾਇ, ਉਸ ਦੇ ਹੀ ਉਪਰ ਕਥੇ ਭੈੜੇ ਹਾਲ ਹੁੰਦੇ ਹਨ । ਉਸ ਦਾ ਪਿਰਥਮ ਗੁਰੂ ਜਾਮੇ ਵਾਲਾ ਵਿਸ਼ਵਾਸ਼ ਉਸ ਨੂੰ ਕੀ ਤਾਰੂ ? ਉਹ ਤਾਂ ਗੁਰੂ ਘਰ ਵਲੋਂ ਫਿਟਕਾਰਿਆ ਗਿਆ । ਉਸ ਦਾ ਪਿਰਥਮ ਗੁਰੂ ਜਾਮੇ ਵਾਲਾ ਵਿਸ਼ਵਾਸ਼ ਭੀ ਫੋਕਾ ਹੀ ਹੈ । ਉਹ ਗੁਰੂ ਦੇ ਸਰੂਪ ਦੀ ਮਹਿਮਾ ਤੋਂ ਹੀ ਘੁਥਾ ਹੋਇਆ ਹੈ । ਉਸ ਨੂੰ ਗੁਰੂ ਘਰ ਦਾ ਬੰਦਾ, ਗੁਰੂ ਘਰ ਦਾ ਉਪਾਸ਼ਕ. ਗੁਰੂ ਦਾ ਸਿਖ ਕਦੇ ਨਹੀਂ ਕਹਿ ਸਕਦੇ । ਜੋ ਗੁਰੂ ਦੇ ਸਿਖ ਹਨ ਦਸਾਂ ਗੁਰੂਆਂ ਨੂੰ ਇਕੋ ਸਰੂਪ ਕਰ ਮੰਨਦੇ ਹਨ । ਉਹ ਪਹਿਲੇ ਅਤੇ ਦੂਜੇ ਅਤੇ ਪਹਿਲੇ ਅਤੇ ਦਸਵੇਂ ਗੁਰੂ ਦੇ ਜਾਮੇ ਵਿਖੇ ਰੰਚਕ ਭੇਦ ਨਹੀਂ ਮੰਨਦੇ । ਕਿਉਂਕਿ ਉਹਨਾ ਨੂੰ ਮਨ ਬਚ ਕਰਮ ਕਰਕੇ ਇਸ ਗੁਰਵਾਕ ਦਾ ਅੰਤਰੀਵ ਭਾਵ ਦ੍ਰਿੜ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ" ਉਹਨਾਂ ਨੂੰ ਭਾਈ ਗੁਰਦਾਸ ਜੀ ਦੇ ਇਸ ਪਵਿਤਰ ਵਾਕ ਉਤੇ ਪੂਰਨ ਭਰੋਸਾ ਹੈ ਕਿ "ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ" ਪ੍ਰੰਤੂ 'ਲਖ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ' ਚੋਜੀ ਗੁਰੂ ਦੇ ਅਚਰਜ ਕੌਤਕ ਅਤੇ ਬਚਿਤਰ ਚਲਿਤ ਚੋਜ ਜੋ ਦਸ ਜਾਮੇ ਧਾਰ ਕੇ ਸਤਿਗੁਰ ਗੁਰੂ ਨਾਨਕ ਦੇਵ ਜੀ ਨੇ ਦਿਖਾਇ ਅਤੇ ਵਰਤਾਏ, ਇਹਨਾਂ ਨੂੰ ਗੁਰਸਿਖਾਂ ਬਾਝੋਂ ਹੋਰ ਕੋਈ ਨਹੀਂ ਲਖ ਸਕਦਾ । ਇਹੋ ਤਾਂ ਗੁਰੂ ਦੇ ਕੌਤਕ, ਚੋਜ, ਚਲਿਤ ਅਤੇ ਤਮਾਸ਼ੇ ਹਨ । ਜੋ ਗੁਰੂ ਦੀ ਮਹਿਮਾ ਅਤੇ ਵਡਿਆਈ ਕੇਵਲ ਗੁਰਸਿਖਾਂ ਨੂੰ ਹੀ ਸੁਖਾਂਦੀ ਹੈ । ਜੈਸਾ ਕਿ ਗੁਰਵਾਕ ਹੈ :-



www.AKJ.Org

'ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥

ਜਿਨ੍ਹਾਂ ਨੇ ਗੁਰ ਸਤਿਗੁਰ ਦੇ ਸਰੂਪ ਨੂੰ ਦਸਾਂ ਜਾਮਿਆਂ ਵਿਖੇ ਇਕੋ ਕਰ ਹੀ ਨਹੀਂ ਮੰਨਿਆਂ ਉਹ ਕੀ ਜਾਨਣ ਗੁਰੂ ਦੀ ਮਹਿਮਾ ? ਉਹ ਕੀ ਜਾਨਣ ਗੁਰੂ ਪਦ ਦੀ ਮਹਤੱਤਾ । ਫੇਰ ਓਹਨਾਂ ਨੂੰ ਗੁਰੂ ਘਰ ਉਤੇ ਵਿਸ਼ਵਾਵ ਹੀ ਕੀ ਹੋ ਸਕਦਾ ਹੈ ? ਤਾ ਕਿਸ ਬਿਧ ਉਹ ਸਿਖ ਸਦਾ ਸਕਦੇ ਹਨ । ਜਿਹੜੇ ਕਹਿਣ ਕਿ ਅਸ ਤਾਂ ਗੁਰੂ ਨਾਨਕ ਦੇਵ ਜੀ ਦੇ ਹੀ ਸਿਖ ਹਾਂ ਅਤੇ ਗੁਰੂ ਦਸਮੇਸ ਜੀ ਦੇ ਹੁਕਮ ਤੋਂ ਸਿਰ ਫ਼ੇਰਨ ਉਹ ਕਦਾਚਿਤਾ ਸਿਖ ਨਹੀਂ, ਉਹ ਗੁਰੂ ਦੋਹੀ ਪਾਪਿਸਟ, ਹਤਿਆਰੇ ਹਨ । ਉਹ ਗੁਰੂ ਨਾਨਕ ਦੇਵ ਜੀ ਤੋਂ ਹੀ ਉਕੇ ਅਤੇ ਕੋਰੇ ਬੇਮੁਖ ਹਨ । ਉਹਨਾਂ ਨੂੰ ਪਤਾ ਨਹੀਂ ਕਿ ਜਦੋਂ --

"ਜੋਤਿ ਸਰੂਪ ਹਰਿ ਆਪਿ ਗੁਰੂ ਨਾਨਕ ਕਹਾਇਓ ॥
ਤਾਤੇ ਅੰਗਦ ਭਯਉ ਤਤ ਸਿਉ ਤਤੁ ਮਿਲਾਇਓ ॥
ਅੰਗਦਿ ਕਿਰਪਾ ਧਾਰ ਅਮਰ ਗਤਿ ਗੁਰੂ ਥਿਰ ਕੀਅਉ ॥"
ਤਥਾ—"ਸੋ ਟਿਕਾਮ ਬੈਹਣਾ ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤਰਾ ਪਰਵਾਣੁ ॥"

ਗੁਰਵਾਕ ਦੇ ਭਾਵ ਅਨੁਸਾਰ ਅਤੇ ਭਾਈ ਗੁਰਦਾਸ ਜੀ ਦੇ ਇਸ ਮਹਾਂਵਾਕ ਅਨੁਸਾਰ :—

"ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤ ਅਲਾਹੀ ॥
ਫੇਰ ਵਸਾਇਆ ਗੋਂਦਵਾਲ ਅਚਰਜ ਖੇਲ ਨਾ ਲਖਿਆ ਜਾਈ ॥"

ਜਦੋਂ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੇ ਤੀਸਰਾ ਜਾਮਾ ਵਟਾਇਆ ਉਸ ਵੇਲੇ ਗੁਰੂ ਅਮਰ ਦੇਵ ਜੀ ਨੂੰ ਗੁਰੂ ਸਰੂਪ ਅਰਥਾਤ ਗੁਰੂ ਕਰਕੇ ਨਾ ਮੱਨਣ ਵਾਲਿਆਂ ਦਾ ਕੀ ਹਾਲ ਹੋਇਆ ਸੀ । ਜੇ ਆਪ ਨੂੰ ਚਤੇ ਨਾ ਹੋਵੇ ਤਾਂ ਲਓ ਆਪ ਦੇ ਚਤੇ ਕਰਾਈਏ । ਦੇਖੋ ਅਗਲੇਰਾ ਗੁਰਵਾਕ ਕੀ ਕਹਿੰਦਾ ਹੈ :—

"ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ ॥
ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ ॥
ਸਤਿਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ ॥
ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ ॥
ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥

ਕਿਉਂ ਜੀ ਹੁਣ ਨਿਸ਼ਚਤ ਹੋਇਆ, ਕੀ ਓਹ ਗੁਰੂ ਅੰਗਦ ਦੇਵ ਜੀ ਦੇ ਅਥਵਾ ਗੁਰੂ ਨਾਨਕ ਦੇਵ ਜੀ ਦੇ ਸਿਖ ਸਦਾ ਸਕਦੇ ਹਨ । ਜਿਨ੍ਹਾਂ ਨੇ ਗੁਰੂ ਅਮਰ ਦੇਵ ਜੀ ਨੂੰ ਗੁਰੂ ਕਰ ਨਹੀਂ ਮੰਨਿਆ ਕਦੇ ਨਹੀਂ ! ਕਦਾਚਿਤ ਨਹੀਂ !! ਹਰਗਿਜ਼ ਨਹੀਂ !!! ਉਹ ਤਾਂ ਆਪ ਗੁਰੂ ਅੰਗਦ ਦੇਵ ਜੀ ਨੇ ਹੀ ਫਿਟਕਾਰ ਦਿਤੇ ਅਤੇ ਕੂੜਿਆਰ ਕਰਕੇ



www.AKJ.Org

ਛੁਟਣ ਕਰਾਰ ਦ ਛਡੇ । ਫੇਰ ਜਦੋਂ, ਅਮਰਦਾਸ ਅਮਰਤ ਛਤਰ ਗੁਰ ਰਾਮਹਿ ਦੀਅਉ' । ਤਥਾ'ਸਤਿਗੁਰ ਪਰਤਖਿ ਹੋਂਦੇ ਬਹਿ ਰਾਜੁ ਆਪ ਟਿਕਾਇਆ ॥ ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀਂ ਪਾਇਆ ॥" ਗੁਰਵਾਕਾਂ ਦੇ ਭਾਵ ਅਨੁਸਾਰ ਅਤੇ ਭਾਈ ਗੁਰਦਾਸ ਜੀ ਦੇ ਇਸ ਮਹਾਂਵਾਕ ਮੂਜਬ;—

'ਦਿਚੈ ਪੂਰਬ ਦੇਵਣਾ ਜਿਸ ਦੀ ਵਸਤ ਤਿਸੈ ਘਰਿ ਆਵੈ ॥
ਬੈਠਾ ਸੋਢੀ ਪਾਦਸ਼ਾਹ ਰਾਮ ਦਾਸ ਸਤਿਗੁਰੂ ਕਹਾਵੈ ॥

ਜਦੋਂ ਗੁਰਿਆਈ ਦੀ ਗਦੀ ਗੁਰੂ ਰਾਮਦਾਸ ਜੀ ਨੂੰ ਆਪ ਗੁਰੂ ਅਮਰ ਦੇਵ ਜੀ ਦੇ ਹਸਤ ਕਮਲਾਂ ਤੋਂ ਪਰਾਪਤ ਹੋਈ ਅਤੇ ਗੁਰੂ ਅਮਰ ਦੇਵ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾ ਪਰਤੱਖ ਹੋਂਦੇ ਹੋਏ ਆਪਣੇ ਸਾਹਮਣੇ ਰਾਮ ਦਾਸ ਜੀ ਨੂੰ ਗੁਰ ਗੱਦੀ ਤੇ ਅਸਥਾਪਣ ਕਰਕੇ ਅਤੇ ਗੁਰਿਆਈ ਦਾ ਤਿਲਕ ਦੇ ਕੇ ਆਪਣੇ ਸਿਖਾਂ, ਆਪਣੀ ਸੰਗਤ ਆਪਣੇ ਬੰਧਪਾਂ ਅਤੇ ਆਪਣੇ ਸਪੁਤਰਾਂ ਨੂੰ ਗੁਰੂ ਰਾਮਦਾਸ ਜੀ ਦੇ ਪੈਰੀਂ ਪੁਆ ਕੇ ਉਨ੍ਹਾਂ ਪਾਸੋਂ ਗੁਰੂ ਰਾਮ ਦਾਸ ਜੀ ਦੀ ਈਨ ਮੰਨਵਾਈ ਅਤੇ ਚੌਥੇ ਪਾਤਸ਼ਾਹ ਨੂੰ ਉਨ੍ਹਾਂ ਪਾਸੋਂ ਗੁਰੂ ਤਸਲੀਮ ਕਰਵਾਇਆ । ਤਦੋਂ 'ਸਤਿਗੁਰ ਪੁਰਖ ਜਿ ਬੋਲਿਆ ਗੁਰਸਿਖਾਂ ਮਨ ਲਈ ਰਜ਼ਾਇ ਜੀਉ' ਗੁਰਵਾਕ ਦੇ ਭਾਵ ਅਨੁਸਾਰ ਜਿਹੜੇ ਤਾਂ ਗੁਰੂ ਦੇ ਸਿਖ ਸਨ, ਉਨ੍ਹਾਂ ਨੇ ਤਾਂ ਜੋ ਕੁਛ ਗੁਰੂ ਅਮਰਦਾਸ ਤੀਜੀ ਪਾਤਸ਼ਾਹੀ ਨੇ ਹੁਕਮ ਦਿਤਾ, ਸਤ ਕਰਕੇ ਅਤੇ ਰਾਜ਼ੀ ਹੋ ਕੇ ਮੰਨ ਲਿਆ ਅਤੇ ਹੁਕਮ ਰਜਾਈ ਚਲਣ ਵਾਲਾ ਅਤੇ ਗੁਰੂ ਕੇ ਭਾਣੇ ਅੰਦਰ ਆਉਣ ਵਾਲਾ ਸੱਚਾ ਵਤੀਰਾ ਬੀਬੇ ਗੁਰਸਿੱਖਾਂ ਵਤ ਸਿਰ ਮੱਥੇ ਮੰਨ ਕੇ ਵਰਤ ਕੇ ਪੂਰਾ ਕਰ ਦਿਖਾਇਆ । ਪ੍ਰਤੂ "ਕੋਈ ਕਰ ਬਖੀਲੀ ਜੇ ਨਿਵੈ ਨਾਹੀਂ ਫਿਰ ਸਤਿਗੁਰੂ ਆਣਿ ਨਿਵਾਇਆ" ਦਾ ਗੁਰਵਾਕ ਦਸਦਾ ਹੈ, ਕਿ ਜਿਸ ਨੇ ਸਤਿਗੁਰ ਗੁਰੂ ਰਾਮਦਾਸ ਸੇਤੀ ਗਣਤ ਰਖੀ ਅਤੇ ਤਾਤਪਰਾਈ ਵਾ ਬਖੀਲੀ ਹਿਰਦੇ ਵਿਖੇ ਰਖ ਕੇ ਗੁਰੂ ਰਾਮਦਾਸ ਜੀ ਦੇ ਅਗੇ ਨਿਵਣੋਂ ਅਰਥਾਤ ਗੁਰੂ ਰਾਮ ਦਾਸ ਜੀ ਨੂੰ ਗੁਰੂ ਕਰਕੇ ਮੰਨਣੋਂ ਸਿਰ ਫਰਿਆ ਅਤੇ ਸੰਕੋਚ ਕੀਤੀ, ਓਸ ਨੂੰ ਗੁਰੂ ਅਮਰ ਦੇਵ ਜੀ ਨੇ ਨੀਵਾਂ, ਨਿਤਾਣਾ, ਨਿਮੋਝੂਣਾ, ਖਜਤਾ ਖੁਆਰ ਅਤੇ ਜਲੀਲ ਕਰਕੇ ਬਹੁੜ ਗੁਰੂ ਰਾਮ ਦਾਸ ਜੀ ਦੇ ਅਗੇ ਨਿਵਾਇਆ । ਅਜੇ ਭੀ ਜਿਹੜੇ ਢੀਠ ਮਨਮੁਖ ਗੁਰੂ ਅਮਰ ਦੇਵ ਜੀ ਦੇ ਸਿਖ ਸੰਪਰਦਾ ਆਪ ਨੂੰ ਸਦਵਾ ਕੇ ਗੁਰੂ ਰਾਮਦਾਸ ਜੀ ਅਤੇ ਗੁਰ ਤੀਜੀ ਪਾਤਸ਼ਾਹੀ ਤੋਂ ਬਿਨਾਂ ਹੋਰਸ ਗੁਰੂ ਪਾਤਸ਼ਾਹੀ ਨੂੰ ਗੁਰੂ ਕਰਕੇ ਨ ਜਾਨਣ, ਕੀ ਉਹ ਗੁਰੂ ਕੇ ਸਿਖ ਕਹੇ ਜਾ ਸਕਦੇ ਹਨ ? ਕਦਾਚਿਤ ਨਹੀਂ । ਓਹ ਤਾਂ ਗੁਰੂ ਤੀਜੀ ਪਾਤਸ਼ਾਹੀ ਗੁਰੂ ਅਮਰ ਦੇਵ ਜੀ ਦੇ ਹੁਕਮਾਂ ਦੇ ਹੀ ਵਿਰੋਧੀ ਹਨ ।

ਸਿਖ ਸਿਰਫ ਉਸ ਪੁਰਸ਼ ਦਾ ਨਾਮ ਹੈ ਜੋ ਹੁਕਮ ਰਜਾਈ ਚਲੇ ਜਦ ਗੁਰੂ ਅਮਰ ਦੇਵ ਜੀ ਦਾ ਇਹ ਅਮਿਟ ਅਤੇ ਅਗਾਧ ਬੋਧ ਅਮਰ ਵਰਤ ਚੁਕਾ ਹੈ ਕਿ "ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪਿ ਰਖਿਆ" ਫੇਰ ਕਿਸ ਦੀ ਮਜਾਲ ਹੈ ਕਿ ਇਸ ਹੁਕਮ ਤੋਂ ਸਿਰ ਫੇਰੇ । ਬਸ ਸਿਰ ਫੇਰਨ ਵਾਲਾ ਅਸਿਖ ਹੈ ਸਿਖ ਹੀ ਨਹੀਂ ਜਦ



www.AKJ.Org

ਉਹ ਉਸ ਗੁਰੂ ਦੇ ਹੁਕਮ ਤੋਂ ਆਕੀ ਹੋਇਆ ਬੈਠਾ ਹੈ, ਜਿਸ ਦਾ ਕਿ ਉਹ ਬੜੇ ਦਾਵੇ ਨਾਲ (ਪ੍ਰੰਤੂ ਕੂੜਾਵੇ ਦਾਵੇ ਨਾਲ) ਆਪਣੇ ਆਪ ਨੂੰ ਸਿਖ ਸਦਵਾਉਂਦਾ ਹੈ। ਤਦ ਉਹ ਉਪਰੰਤ ਪਾਤਸ਼ਾਹੀਆਂ ਅਰਥਾਤ ਗੁਰੂ ਰਾਮ ਦਾਸ ਜੀ ਤੋਂ ਲੈ ਕੇ ਸ੍ਰੀ ਦਸਮੇਸ਼ ਜੀ ਤਾਈ ਛੇਆਂ ਹੀ ਪਾਤਸ਼ਾਹੀਆਂ ਦੇ ਹੁਕਮ ਨੂੰ ਮੰਨਣ ਦੀ ਕੀ ਪਰਵਾਹ ਕਰ ਸਕਦਾ ਹੈ। ਅਤੇ ਉਸ ਦਾ ਮੰਨਣਾ ਨਾ ਮੰਨਣਾ ਹੈਸੀਅਤ ਕੀ ਰਖਦਾ ਹੈ ਜਦ ਕਿ ਉਹ ਕੋਰਾ ਅਸਿਖ ਅਤੇ ਮੰਨੇ ਪਰਮਨੇ ਗੁਰਦੇਵ ਤੋਂ ਹੀ ਬਸੁਖ ਹੈ। ਗੁਰੂ ਦੇ ਸਿਖ ਉਦੋਂ ਭੀ ਅਤੇ ਹੁਣ ਤਾਈਂ ਭੀ ਗੁਰੂ ਰਾਮਦਾਸ ਜੀ ਨੂੰ ਗੁਰੂ ਸਰੂਪ ਅਤੇ ਗੁਰੂ ਦੇ ਦਸ ਜਾਮਿਆਂ ਵਿਖੇ ਓਤ ਪੋਤ ਹੋ ਕੇ ਮਿਲੀ ਹੋਈ ਆਦਿ ਅੰਤ ਲੈ ਕੇ ਅਵਤਰੀ ਹੋਈ ਅਕਾਲੀ ਜੋਤ ਕਰਕੇ ਮੰਨਦੇ ਅਤੇ ਨਮਸਕਾਰਦੇ ਹਨ। ਜੈਸੇ ਕਿ ਇਹਨਾਂ ਗੁਰਵਾਕਾਂ ਦਾ ਭਾਵ ਆਯਾ ਹੈ :—

'ਧੰਨ ਧੰਨ ਰਾਮਦਾਸ ਗੁਰੂ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥ ਅਟਲੁ
ਅਥਾਹੁ ਅਤੋਲੁ ਤੂ ਤੇਰਾ ਅੰ ਨ ਪਾਰਾਵਾਰਿਆ ॥ ਜਿਨੀ ਤੂੰ
ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥ ਲਬੁ ਲੋਭੁ
ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥ ਧੰਨੁ ਸੁ
ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥ ਨਾਨਕ ਤੂ ਲਹਣਾ
ਤੂੰ ਹੈ ਗੁਰੁ ਅਮਰੁ ਤੂ ਵੀਚਾਰਿਆ ॥ ਗੁਰੁ ਡਿਠਾ ਤਾਂ ਮਨੁ
ਸਾਧਾਰਿਆ ॥"

ਫੇਰ ਜਦੋਂ ਅਨੇਕ ਗੁਰਵਾਕ ਪੁਕਾਰ ਪੁਕਾਰ ਇਸ ਬਿਧ ਉਚਾਰਦੇ ਹਨ ਕਿ :—

"ਗੁਰ ਨਾਨਕਿ ਅੰਗਦ ਵਰਯਉ ਗੁਰਿ ਅੰਗਦਿ ਅਮਰ ਨਿਧਾਨੁ ॥
ਗੁਰਿ ਰਾਮਦਾਸ ਅਰਜਨ ਵਰਯਉ ਪਾਰਸ ਪਰਸ ਪਰਮਾਣੁ ॥"
ਤਥਾ— 'ਮੂਰਤਿ ਪੰਚ ਪ੍ਰਮਾਣ ਪੁਰਖ ਗੁਰ ਅਰਜਨ ਪਿਖਹੁ ਨਯਣ ॥'
ਤਥਾ— 'ਗੁਰਿ ਅਰਜਨੁ ਸਿਰਿ ਛਤਰ ਆਪਿ ਪਰਮੇਸਰਿ ਦੀਅਉ ॥'
ਪੁਨਾ—'ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥.........
ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥'
ਤਦ ਫੇਰ "ਜਿਨੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ"

ਦੇ ਨਾਲ ਦਾ ਗੁਰਵਾਕ ਹੀ ਸਾਫ ਨਿਤਾਰ ਕੇ ਦਸਦਾ ਹੈ ਕਿ ਗੁਰਸਿਖ ਦੇ ਮੰਨੇ ਪਰਮਨੇ ਗੁਰੂ ਅਰਜਨ ਦੇਵ ਸ੍ਰੀ ਸਤਿਗੁਰੂ ਜਗਤ ਗੁਰੂ ਗੁਰ ਨਾਨਕ ਦੇਵ ਜੀ ਦੇ ਪੰਜਵੇਂ ਸਰੂਪ ਜਿਹੜਾ ਪੂਰਨ ਭਾਉ ਭਾਉਣੀ ਸਹਿਤ ਗੁਰੂ



www.AKJ.Org

ਕਰਕੇ ਨਹੀਂ ਮੰਨਦੇ, ਉਹ ਮਨਮੁਖ ਹਨ ਗੁਰੂ ਦੇ ਸੇਵਕ ਨਹੀਂ । ਅਤੇ "ਜੋ ਬਿਨੁ ਗੁਰ ਸੇਵੇ ਖਾਂਦੇ ਪੈਨਦੇ ਸੇ ਮੁਇ ਮਰ ਜਨਮੇ ਕੋੜੇ" ਵਾਲਾ ਗੁਰ ਪਰਮਾਣ ਠੀਕ ਉਹਨਾਂ ਦੇ ਪ੍ਰਥਾਇ ਹੀ ਘਟਦਾ ਹੈ । ਅਤੇ ਤਿਨਾਂ ਨੂੰ ਹੀ ਭਾਈ ਗੁਰਦਾਸ ਜੀ ਨੇ ਵਾਰ ਨੰ—੩੭ ਅੰਦਰ ਮੀਣੇ ਕਹਿਕੇ ਕੋਸਿਆ ਅਤੇ ਫਿਟਕਾਰਿਆ ਹੈ । ਸੰਸਾਰ ਭਰ ਦੇ ਮਨਮੁਖੀ ਮੀਣਿਆਂ ਨੂੰ ਇਹ ਸਦੀਵ ਦਾ ਸਰਾਫ ਦਿਤਾ ਹੈ ਕਿ "ਮੂਢਹੁ ਘੁਥਹੁ ਮੀਣਿਆਂ ਤੁਪ ਜਮ ਪੁਰ ਜਾਣਾ" ਅਤੇ ਸਰਬ ਸੁਚਿਆਰ ਸਿਖਾਂ ਪਰਤੀ ਮੀਣਿਆ ਦੇ ਕੁਸੰਗ ਤੋਂ ਬਚਣ ਲਈ ਇਸ ਬਿਧ ਸਨਮੁਖ ਉਪਦੇਸ਼ ਰੂਪੀ ਸਮਝੌਤਾ ਦਿਤਾ ਹੈ:—

"ਖੋਟੀ ਸੰਗਤ ਮੀਣਿਆ ਦੁਖ ਦੇਂਦੀ ਮਿਤੇ ॥"
ਤਥਾ—"ਰਲੇ ਜੇ ਸੰਗਤ ਮੀਣਿਆਂ ਉਠ ਚਲੇ ਨਿਰਾਸਾ ॥"
ਪੁਨਾ—"ਕਿਆ ਨੀਸਾਣੀ ਮੀਣਿਆਂ ਖੋਟਸਾਲੀ ਸਿਕੇ ॥"
ਸਿਰੇ ਸਿਰ ਪਾਹਣਾ ਮਾਰੀਅਨ ਓਇ ਪੀਰ ਫਿਟਿਕੇ ॥"

ਇਸੇ ਆਸ਼ੇ ਨੂੰ ਮੁਖ ਰਖ ਕ ਭੂਤ ਭਵਿਖ ਦੇ ਦਾਨੀ ਅਤੇ ਅੰਤ੍ਰਯਾਮੀ ਸਤਿਗੁਰੂ ਗੁਰੂ ਦਸਮੇਸ਼ ਜੀ ਨੇ ਸਿਖਾਂ ਪਰਤੀ ਸਾਫ ੨ ਇਹ ਹੁਕਮ ਸੀਨਾ ਬਸੀਨਾ ਕਹਿ ਸੁਣਾਇਆ ਹੈ ਕਿ "ਮੀਣੇ ਮਸੰਦ ਦਾ ਵਿਸਾਹ ਨਹੀਂ ਕਰਨਾ" ਕੀ ਅਜਿਹ ਗੁਰ ਦੋਹੀ ਵਿਸਵਾਸ਼ ਘਾਤੀ, ਮਨਮੁਖ, ਮੀਣ ਅਤੇ ਮੀਣਿਆਂ ਨਾਲ ਮੇਲ ਮਿਲਾਪ ਰਖਣ ਵਾਲੇ ਅਜੇ ਭੀ ਸਿਖ ਸਦਾ ਸਕਦੇ ਹਨ ਕਦਾਚਿਤ ਨਹੀਂ । ਉਹਨਾਂ ਨੂੰ ਸਿਖ ਕਹਿਣਾ ਹੀ ਮਹਾਂ ਮਨਮਤ ਹੈ । ਫੇਰ ਜਦੋਂ ਭਾਈ ਗੁਰਦਾਸ ਜੀ ਦੇ ਇਸ ਮਹਾਂਵਾਕ ਦੇ ਭਾਵ ਅਨੁਸਾਰ "ਅਰਜਨ ਕਾਇਆ ਪਲਟ ਕੇ ਸੂਰਤ ਹਰਿਗੋਬਿੰਦ ਸਵਾਰੀ" ਗੁਰੂ ਅਰਜਨ ਦੇਵ ਜੀ ਪੰਜਵੇਂ ਪਾਤਸ਼ਾਹ ਤੋਂ ਛੇਵੇਂ ਪਾਤਸ਼ਾਹ ਸ੍ਰੀ ਹਰਗੋਬਿੰਦ ਸਾਹਿਬ ਨੂੰ ਗੁਰਿਆਈ ਮਿਲੀ । ਤਦ ਜੇ ਉਸ ਸਮੇਂ ਦੇ ਸਿਖ ਇਹ ਆਖਦੇ ਕਿ ਅਸੀਂ ਤਾਂ ਕੇਵਲ ਪੰਜਵੀਂ ਪਾਤਸ਼ਾਹੀ ਤਾਈਂ ਹੀ ਗੁਰੂ ਗੱਦੀ ਨੂੰ ਮੰਨਣਾ ਹੈ ਅਗਾੜੀ ਨਹੀਂ ਮੰਨਣਾ, ਤਾਂ ਕੀ ਉਹ ਧੀਰਮਲੀਆਂ ਅਤੇ ਰਾਮਰਾਈਆ ਵਾਂਗ ਗੁਰੂ ਸਰਾਫੇ ਸਿਖ ਨਹੀਂ ਸਮਝੇ ਜਾਣਗੇ ? ਗਲ ਕੀ ਏਸੇ ਸਿਲਸਿਲੇ ਅਨੁਸਾਰ ਅਜ ਸ੍ਰੀ ਗੁਰੂ ਦਸਮੇਸ਼ ਜੀ ਨੂੰ ਗੁਰੂ ਕਰਕੇ ਨਾ ਮੰਨਣ ਵਾਲੇ ਅਤੇ ਸ੍ਰੀ ਗੁਰੂ ਦਸਮੇਸ਼ ਜੀ ਦੇ ਹੁਕਮਾਂ ਤੋਂ ਸਿਰ ਫਰਨ ਵਾਲੇ ਆਪਣੇ ਆਪ ਨੂੰ ਸਿਖ ਸਦਾ ਸਕਦੇ ਹਨ ? ਕਦਾਚਿਤ ਨਹੀਂ । ਹਾਂ ਕਥਨੀ ਮਾਤਰ ਇਸ ਗਲ ਨੂੰ ਸਾਰੇ ਸਜਣ ਕਹਿ ਦੇਣਗੇ ਕਿ ਅਸੀਂ ਸ੍ਰੀ ਗੁਰੂ ਦਸਮੇਸ਼ ਜੀ ਨੂੰ ਗੁਰੂ ਸਰੂਪ ਮੰਨਦੇ ਹਾਂ । ਪ੍ਰੰਤੂ ਅਜਿਹੇ ਸਜਣਾਂ ਦੀ ਅਜਿਹੀ ਫੋਕਟ ਕਥਨੀ ਕੀ ਅਸਰ ਅਤੇ ਹੈਸੀਅਤ ਰਖ ਸਕਦੀ ਹੈ ਜਦ ਕਿ ਸ੍ਰੀ ਦਸਮੇਸ਼ ਜੀ ਦੇ ਹੁਕਮੀ ਬੰਦੇ ਨਹੀਂ ਬਣੇ ਅਤੇ ਸ੍ਰੀ ਦਸਮੇਸ਼ ਪਰਚਰ ਕੀਤੀ ਮਰਯਾਦਾ ਅਨੁਸਾਰ ਸਿਖ ਨਹੀਂ ਸਜੇ ।

ਜੇ ਅਜੇ ਤੀਕਰ ਉਹ ਇਸ ਪਵਿਤ੍ਰ ਮਰਯਾਦਾ ਅੰਮ੍ਰਿਤ ਦੁਆਰਾ ਖੰਡੇ ਦੇ ਅੰਮ੍ਰਿਤ ਦਵਾਰਾ ਸਿਖ ਸਜਾਉਣ ਵਾਲੀ ਮਰਯਾਦਾ ਦੇ ਧਾਰਨ ਕਰਨੋਂ ਢਿਲੇ ਹਨ ਤਾਂ ਉਨ੍ਹਾਂ ਨੂੰ ਸਿਖ ਸਦਾਉਣ ਦਾ ਅਧਿਕਾਰ



www.AKJ.Org

ਹੀ ਕੀ ਹੈ ? ਕਿਉਂਕਿ 'ਸੋ ਸਿਖ ਸਖਾ ਬੰਧਪ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੈ ।'

ਗੁਰੂ ਨਾਨਕ ਦੇਵ ਜੀ ਦਸਵੇਂ ਜਾਮੇ ਅੰਦਰ ਸੰਸਾਰੀਆਂ ਨੂੰ ਸਿਖ ਸਜਾਉਣ ਦਾ ਭਾਣਾ ਬਿਧ ਵਰਤ ਗਿਆ ਨੂੰ । ਬਸ ਜੋ ਪਰਾਣੀ ਇਸ ਗੁਰੂ ਵਰਤਾਏ ਭਾਣੇ ਦੇ ਅੰਦਰ ਆਵੇਗਾ ਸੋਈ ਸਿਖ ਸਦਾਵੇਗਾ । ਜੋ ਨਹੀਂ ਇਸ ਭਾਣੇ ਅੰਦਰ ਆਵੇਗਾ, ਸੋ ਸਿਖ ਨਹੀਂ ਸਦਾਵਗਾ । ਕਿਉਂਕਿ ਜ ਉਹ ਆਪਣੇ ਭਾਣੇ ਅੰਦਰ ਚਲਣ ਕਰ ਵਿਛੜਿ ਚੋਟਾਂ ਖਾਇਗਾ । ਉਸ ਦਾ ਇਹ ਕਹਿਣਾ ਕਿ ਮੈਂ ਸਿਖ ਸਜਣ ਦਾ ਚਰਣਾਮ੍ਰਿਤ ਵਾਲੀ ਮੂਲ ਮਰਯਾਦਾ ਦਾ ਧਾਰਣੀ ਹੋਣ ਕਰਕੇ ਸਿਖ ਹਾਂ ਨਿਰਾ ਹੀਲਾ ਹਵਾਲਾ ਤੇ ਕੂੜਾਵਾ ਬਹਾਨਾ ਹੈ । ਅਸੀਂ ਪੁਛਦੇ ਹਾਂ ਕਿ ਅਜਿਹੇ ਬਹਾਨਾ ਸਾਜ਼ ਅਤੇ ਹੀਲਾ ਸਾਜ਼ ਸਿਖ ਨੇ ਚਰਣਾਮ੍ਰਿਤ ਕਿਥ ਪਰਾਪਤ ਕੀਤਾ ਜਦ ਕਿ ਦੇਹਧਾਰੀ ਗੁਰੂ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨਬੇੜ ਚੁਕੇ ਹਨ ਅਤੇ ਦੇਹਧਾਰੀ ਗੁਰੂ ਬਿਨਾ ਚਰਨ ਪਾਹੁਲ ਨਹੀਂ ਪ੍ਰਾਪਤ ਹੋ ਸਕਦੀ । ਤਾਂਤੇ ਸਾਫ ਸਿਧ ਹੈ ਕਿ ਉਹ ਸ੍ਰੀ ਦਸਮੇਸ਼ ਜੀ ਦੇ ਥਾਪੇ ਗੁਰੂ ਗਰੰਥ ਸਾਹਿਬ ਜ਼ੀ ਤੋਂ ਬੇਮੁਖ ਅਤੇ ਆਕੀ ਹੋ ਕੇ ਅਲਪਗ ਅਤੇ ਪਰਪੰਚੀ ਵਾ ਪਖੰਡੀ ਦੇਹਧਾਰੀ ਗੁਰੂਆਂ ਦੇ ਉਪਾਸ਼ਕ ਹਨ । ਜੋ ਗੁਰਸਿਖੀ ਤੋਂ ਬੇਮੁਖ ਹੋਣ ਦਾ ਮੁਖ ਸਬੂਤ ਹੈ । ਬੜੇ ਅਸਚਰਜ ਵਾਲੀ ਗਲ ਇਹ ਹੈ ਕਿ ਗੁਰੂ ਦੇ ਸਿਖ ਗੁਰਸਿਖੀ ਨੂੰ ਅੰਮ੍ਰਿਤ ਮਰਯਾਦਾ ਦੁਆਰਾ ਧਾਰਨ ਕਰ ਚੁਕੇ ਸਿਖ ਤਾਂ ਪਤਿਤ ਕਰਮਾਂ ਵਿਚੋਂ ਕਿਸੇ ਇਕ ਕੁਰਹਿਤ ਕਰਨ ਕਰਕੇ ਗੁਰੂ ਦਸਮੇਸ ਜੀ ਦੇ ਹੁਕਮ ਅਨੁਸਾਰ ਗੁਰਸਿਖੀ ਤੋਂ ਖਾਰਜ ਅਤੇ ਪਤਿਤ ਗਰਦਾਨੇ ਜਾਣ ਪਰ ਗੁਰਸਿਖੀ ਨੂੰ ਧਾਰਨ ਕੀਤੇ ਬਗੈਰ ਜੋ ਪੁਰਸ਼ ਸੁਤੇ ਸਿਧ ਹੀ ਉਕਤ ਪਤਿਤ ਕਰਮਾਂ ਵਿਚੋਂ ਕਿਸੇ ਇਕ ਅਧ ਕੁਕਰਮ ਕਰਕੇ ਪਤਤ ਕਰਮੀ ਹੋਣ, ਉਹ ਖਰੇ ਖਾਸੇ ਸਿਖ, ਬਣੇ ਤਣੇ ਸਿਖ ਆਪਣੇ ਆਪ ਨੂੰ ਸਦਾਉਂਦੇ ਫਿਰਨ । ਜੋ ਅੰਮ੍ਰਿਤ ਦੀ ਪਵਿਤਰ ਮਰਯਾਦਾ ਅਨੁਸਾਰ ਸਿਖੀ ਤੋਂ ਪਤਤ ਹਨ ਪਰ ਜੇਹੜਾ ਉਕਤ ਮਰਯਾਦਾ ਦੁਆਰਾ ਸਿਖ ਸਜ ਬਿਨਾਂ ਕੇਸਾਂ ਨੂੰ ਨਿਤ ਪ੍ਰਤ ਕਟਾਉਣ ਵਾਲਾ ਮੋਨ ਘੋਨ ਸਿਰ ਗੁੰਮ ਸਿਰ ਘਸਾ ਹੋਵੇ, ਉਹ ਸਾਵਾਂ ਸਿਖ ਜਿਹੜਾ ਤਾਂ ਅੰਮ੍ਰਿਤ ਛਕ ਕੇ ਬਿਖਿਆ ਪਾਣ ਕਰ ਲਵੇ ਉਹ ਤਾਂ ਸਿਖ ਤੋਂ ਪਤਿਤ । ਪਰ ਜਿਹੜਾ ਅੰਮ੍ਰਿਤ ਛਕੇ ਬਿਨਾਂ ਅਤੇ ਮਰਯਾਦਾ ਪੂਰਬਕ ਸਿਖੀ ਧਾਰਨ ਕੀਤੇ ਬਿਨਾਂ ਨੜੀਮਾਰ ਅਤੇ ਬਿਖਿਆ ਦਾ ਪੁੰਜ ਹੋਵੇ, ਉਹ ਤਾਂ ਭੀ ਸਿਖ ਦਾ ਸਿਖ । ਅਸਚਰਜ ਵਹਿਣ ਵਗਿਆ ਹੋਇਆ ਹੈ, ਕਿ ਇਹ ਸਿਖੀ ਨੂੰ ਹੀ ਬਸੇਖ ਹੈ ਕਿ ਸਿਖ ਸਜ ਕੇ ਹੀ ਉਕਤ ਪਤਤ ਕਰਮ ਉਸ ਨੂੰ ਪੁਹੰਦੇ ਹਨ । ਐਵੇਂ ਨਹੀਂ ਇਹ ਅੰਮ੍ਰਿਤ ਛਕਣਾ ਅਤੇ ਸਿਖੀ ਦਾ ਧਾਰਨ ਕਰ ਲੈਣਾ ਨਾ ਹੋਇਆ, ਕਈ ਕਸੂਰ ਕਰ ਬੈਠਣਾ ਅਤੇ ਲੀਕ ਲਾ ਬੈਠਣਾ ਹੋਇਆ । ਜਿਸ ਨੇ ਅੰਮ੍ਰਿਤ ਦੀ ਪਵਿਤਰ ਮਰਯਾਦਾ ਦੁਆਰਾ ਗੁਰਸਿਖੀ ਧਾਰਨ ਹੀ ਨ ਕੀਤੀ ਹੋਵੇ ਉਹ ਚਾਹੇ ਸਾਰਾ ਤੇ ਮੂਲੋਂ ਮੁਢੋਂ ਹੀ ਪਤਿਤ ਕਰਮੀ ਹੋਵੇ ਪਰ ਫੇਰ ਭੀ ਸਿਖ ਦਾ ਸਿਖ ਪਤਿਤ ਕਰਮਾਂ ਦਾ ਪੁੰਜ ਕਰਮੀਂ ਭੀ ਉਹ ਪਤਿਤ ਅਖਵਾਉਣ ਦਾ ਭਾਗੀ ਨਹੀਂ । ਕੈਸੀ ਕਮਫ-



www.AKJ.Org

ਹਿਮੀ ਹੈ । ਪਤਿਤ ਕਰਮੀ ਪੁਰਸ਼, ਸਿਖ ਸਦਾ ਹੀ ਨਹੀਂ ਸਕਦਾ । ਭਾਵੇਂ ਸਿਖ ਸਜ ਕੇ ਪਤਿਤ ਕਰਮੀ ਹੋ ਗਿਆ ਹੋਵੇ, ਭਾਵੇਂ ਸੁਤੇ ਪਤਿਤ ਕਰਮੀ ਹੋਵੇ । ਅਤੇ ਜਿਸ ਨੇ ਸਿਖੀ ਧਾਰਨ ਨਹੀਂ ਕੀਤੀ, ਜੋ ਅਜੇ ਅਸਿਖ ਹੈ ਉਹ ਤਾਂ ਹੈ ਹੀ ਪਤਿਤ ਕਰਮੀ । ਅਸਿਖ ਦੇ ਅਰਥ ਹੀ ਪਤਿਤ ਕਰਮੀ ਦੇ ਹਨ । ਸੁਤੇ ਗਿਆਨ ਤਾਂ ਉਸ ਨੂੰ ਹੋਣੇਂ ਹੀ ਰਿਹਾ । ਨਿਗੁਰਾ, ਗੁਰਮੰਤ੍ਰ ਹੀਣਾਂ, ਗੁਰ ਦੀਖਛਾ ਤੋਂ ਊਣਾ ਹੋਣ ਕਰਕੇ ਉਹ ਭਰਿਸ਼ਟ ਕਿਰਿਆ ਵਾਲਾ ਕੁਕਰਮੀ ਪੁਰਸ਼ ਹੈ, ਯਥਾ ਗੁਰਵਾਕ ਹੈ :-

'ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ, ਸੂਕਰਹ, ਗਰਧਭਹ, ਕਾਕਹ, ਸਰਪਨਹ, ਤੁਲਿ ਖਲਹ ॥"

ਵੇਖਿਆ ਗੁਰਬਾਣੀ ਦੁਆਰਾ, ਗੁਰ ਹੁਕਮਾਂ ਦੁਆਰਾ ਅਸਿੱਖ ਅਨਾੜੀ ਨਿਗੁਰੇ ਪੁਰਸ਼ਾਂ ਨੂੰ ਬਿਸਟਾ ਖੋਰੇ ਪਸੂ ਪੰਖੀਆਂ ਦੀ ਤੁਲਨਾ ਵਾਲੀ ਪਦਵੀ ਪ੍ਰਾਪਤ ਹੈ। ਏਥੇ ਏਸ ਹੁੱਜਤ ਕਰਨ ਦੀ ਗੁੰਜਾਇਸ਼ ਹੀ ਨਹੀਂ ਕਿ ਕੀ ਅੰਮ੍ਰਿਤ ਛਕੇ ਬਿਨਾਂ ਪ੍ਰਾਣੀ ਨੂੰ ਗੁਰਮੰਤ੍ਰ ਪ੍ਰਾਪਤ ਨਹੀ ਹੋ ਸਕਦਾ, ਜਦ ਕਿ ਅੰਮ੍ਰਿਤ ਛਕੇ ਬਿਨਾਂ ਸਿਖ ਹੀ ਨਹੀਂ ਹੋ ਸਕਦਾ ਅਤੇ ਬਣ ਸਕਦਾ । ਅਤੇ ਅਸਿਖ ਨੂੰ ਗੁਰਮੰਤ੍ਰ ਦੀ ਪ੍ਰਾਪਤੀ ਕਿਥੋਂ, ਜਦ ਤਾਈਂ ਉਹ ਗੁਰੂ ਦਾ ਨਾ ਬਣ ਜਾਵ । ਗੁਰੂ ਅਗੇ ਸੀਸ ਭੇਟਾ ਨਾ ਕਰ ਦੇਵ ਅਤੇ ਗੁਰੂ ਕੇ ਹੁਕਮ ਰਜਾਈ ਚਲਣ ਵਾਲਾ ਗੁਰੂ ਦਾ ਹੁਕਮੀ ਬੰਦਾ ਨਾ ਬਣ ਜਾਵੇ । ਅਜ ਕਲ ਲੋਕਾਂ ਨੇ ਗੁਰਮੰਤ੍ਰ ਦਾ ਲੈਣਾ ਅਤੇ ਸਿਖ ਬਣ ਬੈਠਣਾ ਇਕ ਮਖੌਲ ਸਮਝ ਛਡਿਆ ਹੈ । ਜੈਸਾ ਕਿ ਬਹੁਤ ਸਾਰੇ ਪਰਪੰਚੀ ਪੁਰਸ਼ਾਂ ਨੇ "ਕੰਨਾ ਬਾਤੀ ਕੁਰੱ, ਤੂੰ ਮੇਰਾ ਸਿਖ ਤੇ ਮੈਂ ਤੇਰਾ ਗੁਰ" ਵਾਲਾ ਪਰਪੰਚ ਰਚ ਕੇ ਲੋਕਾਂ ਨੂੰ ਆਪਣਾ ਸਿਖ ਬਨਾਉਣਾ ਅਤੇ ਮੰਤ੍ਰ ਦੇ ਕੇ ਪਰਚਾਉਣਾ ਇਕ ਖੇਡ ਹੀ ਬਣਾ ਛਡੀ ਹੈ । ਸਤਿਗੁਰੂ ਗੁਰੂ ਦਸਮੇਸ਼ ਜੀ ਨੇ ਇਹਨਾਂ ਸਰਬ ਪਰਪੰਚੀਆਂ ਅਤੇ ਪਰਪੰਚਾਂ ਦੇ ਸਿਰ ਤੇ ਸੁਆਹ ਪਾ ਕੇ ਅਤੇ ਲੋਕਾਂ ਨੂੰ ਅਜਿਹੇ ਪ੍ਰਪੰਚਾਂ ਅਤੇ ਪ੍ਰਪੰਚੀਆਂ ਤੋਂ ਬਚਾਏ ਰਖਣ ਲਈ ਸਿਖੀ ਧਾਰਣ ਕਰਣ ਅਰਥਾਤ ਸਿਖ ਬਨਣ ਦੀ ਅਤੇ ਗੁਰਮੰਤ੍ਰ ਲੈਣ ਦੀ ਵਿਲਖਣ ਮਰਯਾਦਾ ਕਰ ਦਿਤੀ ਹੈ । ਬਸ ਕੇਵਲ ਏਸ ਮਰਯਾਦਾ ਦੁਆਰਾ ਹੀ ਗੁਰੂ ਦਾ ਸਿਖ ਬਣ ਸਕਦਾ ਹੈ ਅਤੇ ਏਸੇ ਮਰਯਾਦਾ ਦੁਆਰਾ ਹੀ ਗੁਰੂ ਮੰਤ੍ਰ ਦੀ ਪ੍ਰਾਪਤੀ ਦੇ ਪਾਤਰ ਹੋ ਸਕੀਦਾ ਹੈ । ਨਾ ਕੋਈ ਇਕ ਇਕੇਲਾ ਪ੍ਰਪੰਚ ਰਚ ਕੇ ਆਪਣੇ ਆਪ ਨੂੰ ਗੁਰੂ ਸਦਾ ਸਕਦਾ ਹੈ ਨਾਹੀ ਕਿਸੇ ਨੂੰ ਆਪਣਾ ਸਿਖ ਬਣਾ ਸਕਦਾ ਹੈ, ਨਾਹੀਂ ਉਸ ਇਕ ਇਕੇਲੇ ਨੂੰ ਮੰਤ੍ਰ ਦੇਣ ਦਾ ਅਧਿਕਾਰ ਹੈ, ਨਾਂ ਹੀ ਉਸ ਪਾਸੋਂ ਲਿਆ ਗੁਰਮੰਤ੍ਰ ਲੈਣ ਵਾਲੇ ਲਈ ਫਲੀ ਭੂਤ ਹੋ ਸਕਦਾ ਹੈ । ਐਸੇ ਲੈਣ ਦੇਣ ਦਾ ਕੂੜਾਵਾ ਸੌਦਾ ਕਰਨ ਵਾਲੇ ਮਨਮੁਖੀ ਅਤੇ ਪਰਪੰਚੀ ਪੁਰਸ਼ਾਂ ਦੇ ਸਮੂਹ ਸੰਘੱਟ ਦਾ ਨਾਉਂ ਭਾਈ ਗੁਰਦਾਸ ਜੀ ਨੇ ਮੀਣਿਆ ਦਾ ਨਕਟ ਪੰਥ ਰਖਿਆ ਹੈ ।



www.AKJ.Org

# ਧਰਮ ਤੇ ਸਦਾਚਾਰ

( ਪਿਛੇ ਤੋਂ ਅਗੇ )

ਲੂਕ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ -

ਜਦੋਂ ਮਨੁਖੀ ਮਨ ਧਰਮ ਦੀ ਸੂਝ ਲੈ ਕੇ 'ਸਾਹਿਬ ਦੇ ਹੁਕਮ' ਅਧੀਨ ਹੋ ਤੁਰਦਾ ਹੈ ਤਾਂ ਸਾਰੇ ਹੀ ਕਰਮ ਮਾਲਕ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਹੀ ਹੁੰਦੇ ਜਾਂਦੇ ਹਨ, ਭਾਵੇਂ ਉਹ ਕਰਮ ਮਨੁਖੀ ਅੱਖਾਂ ਸਾਹਮਣੇ ਹਨ ਜਾਂ ਅਖੋਂ ਓਹਲੇ, ਅਚੇਤ ਹਨ ਜਾਂ ਸੁਚੇਤ। ਮਨ ਵਿਚ ਉਸ ਦਾ ਹੁਕਮ ਵਸਾਣ ਨਾਲ ਰਬ ਦੀ ਰਜ਼ਾ ਸਮਝ ਆਉਣ ਲਗਦੀ ਹੈ ਤੇ ਰਬੀ ਭੇਦ ਖੁਲ੍ਹਣ ਲਗਦੇ ਹਨ। ਫਿਰ ਪਰਗਟ ਤਾਂ ਕੀ ਗੁਪਤ ਤੌਰ ਤੇ ਵੀ ਕੁਕਰਮ ਨਹੀਂ ਹੁੰਦੇ। ਕਿਉਂਕਿ ਫਿਰ ਇਹ ਇਹਸਾਸ ਹੁੰਦਾ ਹੈ :-

ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥*

ਇਹ ਸਭ ਕੁਝ ਧਰਮ ਦੇ ਆਸਰੇ ਹੀ ਹੁੰਦਾ ਹੈ। ਸਮਝਣਾ ਤਾਂ ਇਹ ਹੈ ਕਿ ਰਬ ਨੇ ਸਾਨੂੰ ਿ ਦਾ ਵਖ ਚੰਗੇ ਮਨੋਰਥ ਲਈ ਜਨਮ ਦਿਤਾ ਹੈ। ਉਸ ਨੇ ਸਾਨੂੰ ਕਈ ਉਚੀ ਸੇਵਾ ਸੌਂਪੀ ਹੈ ਜਿਸ ਦੇ ਅਸੀਂ ਜ਼ਿਮੇਵਾ ਾਣ ਹਾਂ। ਅਸੀਂ ਇਹ ਕੰਮ ਨੇਕ-ਨੀਤੀ ਨਾਲ ਤਨੋ ਮਨੋ ਕਰਨਾ ਹੈ। ਦਿਆਨਤਦਾਰੀ ਨਾਲ ਆਪਣੇ ਜੀਵਨ ਨੂੰ ਬਤੀਤ ਕਰਨਾ ਹੈ। ਅਸੀਂ ਇਹ ਅਨੁਭਵ ਕਰੀਏ ਕਿ ਅਸੀਂ ਮਨੁਖਤਾ ਦੀ ਇਕ ਬੜੀ ਵਡੀ ਲੜੀ ਦੇ ਅੰਗ ਹਾਂ।

ਮਨੁਖਾਂ ਨੂੰ ਮਨੁਖਾਂ ਨਾਲ ਮਿਲਾਣ ਲਈ ਮਨੁਖ ਹੀ ਸਾਧਨ ਹਨ। ਹਰ ਮਨੁਖ ਦਾ ਇਹ ਸਮਾਜਕ ਫਰਜ਼ ਹੈ ਕਿ ਮਨੁਖਾਂ ਨੂੰ ਆਪਸ ਵਿਚ ਮਿਲਾਏ। ਜੋ ਮਨੁਖਾਂ ਨੂੰ ਮਨੁਖਾਂ ਨਾਲੋਂ ਤੋੜਦਾ ਤੇ ਪਾੜਦਾ ਹੈ, ਉਹ ਆਪਣੇ ਫ਼ਰਜ਼ ਦੀ, ਸਦਾਚਾਰ ਦੀ ਤੇ ਧਰਮ ਦੀ ਪਛਾਣ ਨਹੀਂ ਕਰਦਾ। ਇਹੋ ਜਿਹਾ ਖੁਦਗਰਜ਼ ਆਪਣੇ ਮਤਲਬ ਲਈ ਵਕਤੀ ਤੌਰ ਤੇ ਭਾਵੇਂ ਸਫਲ ਹੋ ਜਾਏ, ਜੀਵਨ ਵਿਚ ਸਦੀਵੀ ਖੇੜਾ ਤੇ ਕਾਮਯਾਬੀ ਹਾਸਲ ਨਹੀਂ ਕਰ ਸਕਦਾ। ਸਮਾਜ ਵਿਚ ਖੇੜਾ ਤੇ ਹੁਲਾਸ ਲਿਆਣਾ ਸਾਡਾ ਹਰ ਇਕ ਦਾ ਫਰਜ਼ ਹੈ, ਪਰ ਸੁਆਰਥੀ ਪੁਰਸ਼ ਇਸ ਵਿਚ ਰੁਕਾਵਟ ਬਣਦੇ ਹਨ।



www.AKJ.Org

ਅਫ਼ਸੋਸ ਤਾਂ ਇਹ ਹੈ ਕਿ ਸੁਆਰਥੀ ਲੋਕ ਸਦਾਚਾਰ ਦੀਆਂ ਕੀਮਤਾਂ ਨੂੰ ਠੀਕ ਨਾ ਸਮਝ ਕੇ ਆਚਰਣ ਨੂੰ ਉਹੋ ਜਿਹੀ ਐਨਕ ਲਾ ਕੇ ਦੇਖਦੇ ਹਨ ਜਿਸ ਨਾਲ ਕਿ ਉਨ੍ਹਾਂ ਦਾ ਆਪਣਾ ਮਤਲਬ ਪੂਰਾ ਹੋ ਜਾਏ । ਜੇ ਹਰ ਸੁਆਰਥੀ ਆਪਣਾ ਘਰ ਪੂਰਾ ਕਰਨ ਲਈ ਧਰਮ ਤੇ ਆਚਰਣ ਦੇ ਵਖ ਵਖ ਭਾਵ ਕਢੀ ਤੁਰੀ ਜਾਏ ਤਾਂ ਇਨਾਂ ਦਾ ਕੋਈ ਐਸਾ ਪਧਰ ਨਹੀਂ ਮਿਥਿਆ ਜਾ ਸਕਦਾ ਜੋ ਸਭ ਨੂੰ ਸਵੀਕਾਰ ਹੋਵੇ । ਇੰਜ ਤਾਂ ਜਦ ਕਿਸੇ ਨੂੰ ਅਪਣਾ ਸੁਆਰਥ ਪੂਰਾ ਹੁੰਦਾ ਦਿੱਸੇਗਾ ਤਾਂ ਹੀ ਉਹ ਧਰਮ ਤੇ ਆਚਰਣ ਦੀਆਂ ਕੀਮਤਾਂ ਨੂੰ ਕਬੂਲੇਗਾ, ਨਹੀਂ ਤਾਂ ਨਹੀਂ ।

**ਜ਼ਾਤੀ ਤੇ ਜਮਾਤੀ ਜੀਵਨ ਵਿਚ ਅੰਤਰ-**

ਅਸਾਂ ਜ਼ਾਤੀ ਤੇ ਜਮਾਤੀ ਜੀਵਨ ਵਿਚ ਬੜਾ ਅੰਤਰ ਪੈਦਾ ਕਰ ਰਖਿਆ ਹੈ। ਨਿਜੀ ਤੇ ਘਰੋਗੀ ਜੀਵਨ ਵਿਚ, ਵਪਾਰਕ ਕੰਮ ਕਾਰ ਤੇ ਨਿਤ ਦੀ ਜ਼ਿੰਦਗੀ ਵਿਚ ਸੁਮੇਲ ਨਹੀਂ । ਅਸਾਂ ਸ਼ਖ਼ਸੀ ਜ਼ਿੰਦਗੀ ਕੌਮੀ ਜ਼ਿੰਦਗੀ ਤੋਂ ਵਖਰੀ ਸਮਝੀ ਹੋਈ ਹੈ । ਘਰ ਤੋਂ ਲੈ ਕੇ ਸਮਾਜ ਦੇ ਹੋਰ ਹਿੱਸਿਆਂ ਵਿਚ ਸਾਡੇ ਜੀਵਨ ਦੇ ਵਖ ਵਖ ਖੇਤਰਾਂ ਵਿਚ ਇਤਨਾ ਅਨਜੋੜ ਹੈ ਕਿ ਅਸਾਂ ਅਡ ਅਡ ਕੰਮਾਂ ਲਈ ਜੀਵਨ ਦੀਆਂ ਅਡ ਅਡ ਕੀਮਤਾਂ ਬਣਾ ਰਖੀਆਂ ਹਨ । ਸਾਡੇ ਘਰੋਗੀ ਜੀਵਨ ਤੇ ਕੌਮੀ ਜੀਵਨ ਨੂੰ ਆਪਸ ਵਿਚ ਮਿਲਾਣ ਲਈ ਕੋਈ ਕੇਂਦਰੀ ਜਜ਼ਬਾ ਜਾਂ ਸਾਂਝੀ ਸ਼ਕਤੀ ਨਹੀਂ । ਅਸੀਂ ਘਰ ਵਿਚ ਕੁਝ ਹੋਰ ਹਾਂ, ਬਜ਼ਾਰ ਵਿਚ ਕੁਝ ਹੋਰ । ਅੰਦਰੋਂ ਕੁਝ ਹੋਰ ਹਾਂ, ਬਾਹਰੋਂ ਕੁਝ ਹੋਰ । ਭੈੜੇ ਹੁੰਦੇ ਹੋਏ ਭੀ ਚੰਗਾ ਅਖਵਾਣਾ ਚਾਹੁੰਦੇ ਹਾਂ । ਜ਼ਾਤੀ ਤੇ ਜਮਾਤੀ ਜੀਵਨ ਦਾ ਇਹ ਅੰਤਰ ਜਦ ਤਕ ਦੂਰ ਨਹੀਂ ਹੁੰਦਾ ਤਦ ਤਕ ਸਦਾਚਾਰਕ ਮੇਲ ਮਿਲਾਪ ਕਠਿਨ ਹੈ ।

ਜ਼ਾਤੀ ਤੇ ਜਮਾਤੀ ਜ਼ਿੰਦਗੀ ਦੇ ਅੰਤਰ ਤੋਂ ਇਲਾਵਾ ਆਰਥਕ ਬਖੇੜੇ ਵੀ ਹਨ । ਪਰ ਅਜੋਕੀ ਰਾਜਨੀਤੀ ਨੇ ਤਾਂ ਇਨ੍ਹਾਂ ਬਖੇੜਿਆਂ ਨਾਲੋਂ ਭੀਵਧ ਕਈ ਪਰਕਾਰ ਦੇ ਮਸਲੇ ਖੜ ਕਰ ਦਿਤੇ ਹਨ। ਰਾਜਨੀਤੀ ਕਈ ਗਲਾਂ ਦੀ ਸੂਝ ਤਾਂ ਦੇਂਦੀ ਹੈ, ਪਰ ਅਜ ਆਮ ਲੋਕਾਂ ਦੇ ਮਨਾਂ ਤੇ ਇਹ ਪਰਭਾਵ ਹੈ ਕਿ ਜਿਵੇਂ 'ਜੰਗ ਤੇ ਪਿਆਰ ਵਿਚ ਸਭ ਯੋਗ ਅਯੋਗ ਗਲਾਂ ਠੀਕ ਹਨ' ਇਵੇਂ ਹੀ 'ਸਿਆਸਤ ਵਿਚ ਭੀ ਸਭ ਚਲਦਾ ਹੈ।' ਜਾਂ 'ਸਿਆਸਤ ਵਿਚ ਧਰਮ ਦਾ ਕੀ ਦਖ਼ਲ ?' ਇਹ ਇਕ ਐਸਾ ਗਲਤ ਪਰਚਾਰ ਹੈ ਜਿਸ ਦੇ ਭਿਆਨਕ ਸਿੱਟੇ ਨਿਕਲ ਸਕਦੇ ਹਨ । ਧਰਮ ਦਾ ਜੀਵਨ ਦੇ ਹਰ ਪਹਿਲੂ ਨਾਲ ਸੰਬੰਧ ਹੈ ਤੇ ਰਾਜਨੀਤੀ ਨਾਲ ਵੀ। ਧਰਮ ਦਾ ਸਦਾਚਾਰ ਬਨਾਣ ਵਿਚ ਵਡਾ ਹਥ ਹੈ, ਪਰ ਅਜ ਦੀਆਂ ਗਲਤ ਰਾਜਨੀਤਕ ਕੀਮਤਾਂ ਸਦਾਚਾਰ ਨੂੰ ਸੱਟ ਮਾਰਦੀਆਂ ਹਨ ।

ਚੋਣਾਂ ਵਿਚ ਕੀ ਕੁਝ ਨਹੀਂ ਹੁੰਦਾ ? ਲੋਕਾਂ ਦੀ ਸੇਵਾ ਦਾ ਢੰਡੋਰਾ ਪਿੱਟਿਆ ਜਾਂਦਾ ਹੈ । ਉਮੀਦਵਾਰਾਂ ਦੀ ਉਪਮਾ ਤੇ ਵਡਿਆਈ ਕੀਤੀ ਜਾਂਦੀ ਹੈ । ਉਨ੍ਹਾਂ ਨੂੰ ਕੁਰਬਾਨੀ ਦਾ ਪੁਤਲਾ ਤੇ ਸਦਾਚਾਰ ਦਾ ਨਮੂਨਾ ਪਰਗਟ ਕਰਕੇ ਵੋਟਾਂ ਮੰਗੀਆਂ ਜਾਂਦੀਆਂ ਹਨ, ਪਰ ਨਾਲ ਹੀ ਜਿਤ ਪ੍ਰਾਪਤ ਕਰਨ ਲਈ ਚੋਣ



www.AKJ.Org

ਸੰਗਰਾਮ ਵਿਚ ਸ਼ਰਾਬ ਤੇ ਪੈਸੇ ਵੰਡੇ ਜਾਂਦੇ ਹਨ । ਕੋਈ ਵਿਰਲਾ ਉਮੀਦਵਾਰ ਚੋਣਾਂ ਮਗਰੋਂ ਜਿਤ ਪ੍ਰਾਪਤ ਕਰਕੇ ਲੋਕਾਂ ਦੀ ਸੇਵਾ, ਵੋਟਰਾਂ ਪ੍ਰਤੀ ਆਪਣੇ ਫਰਜ਼ ਤੇ ਆਪਣੀ ਉੱਚ ਪਦਵੀ ਦੇ ਸਤਿਕਾਰ ਤੇ ਇਤਬਾਰ ਦੀ ਪਛਾਣ ਕਰਦਾ ਹੈ । ਇਹ ਠੀਕ ਹੈ ਕਿ ਵੋਟਰਾਂ ਵਿਚੋਂ ਬਹੁ-ਗਿਣਤੀ ਅਨਪੜ੍ਹਾਂ ਦੀ ਹੀ ਹੈ, ਪਰ ਵੇਖਣਾ ਤਾਂ ਇਹ ਹੈ ਕਿ ਉਨ੍ਹਾਂ ਦਾ ਆਚਰਣ ਕਿਹੋ ਜਿਹਾ ਹੈ । ਅਸਾਂ ਇਹ ਭੀ ਦੇਖਣਾ ਹੈ ਕਿ ਉਮੀਦਵਾਰਾਂ ਵਿਚੋਂ ਕਿਤਨੇ ਪੜ੍ਹੇ-ਲਿਖੇ ਹਨ । ਪਰ ਵਧੇਰੇ ਧਿਆਨ ਗੋਚਰਾ ਸੁਆਲ ਚਾਰ ਅਖਰਾਂ ਦਾ ਨਹੀਂ, ਆਚਰਣ ਦਾ ਹੈ । ਜਦ ਤਕ ਸਾਡੀ ਸਿਆਸਤ ਆਚਰਣ ਦੀਆਂ ਬੁਨਿਆਦਾਂ ਤੇ ਨਹੀਂ ਉਸਰਦੀ ਤਦ ਤਕ ਸਰਕਾਰੀ ਢਾਂਚਾ, ਰਿਸ਼ਵਤ, ਲਿਹਾਜ਼ਦਾਰੀ, ਛਲ-ਫਰੇਬ ਤੇ ਵਿਤਕਰਿਆਂ ਤੋਂ ਆਜ਼ਾਦ ਨਹੀਂ ਹੋ ਸਕਦਾ ।

ਧਾਰਮਕ ਸੰਸਥਾਵਾਂ ਤੇ ਰਾਜਨੀਤੀ-

ਇਹ ਗਲ ਸਾਡਿਆਂ ਧਾਰਮਕ ਸੰਸਥਾਵਾਂ ਦੀਆਂ ਚੋਣਾਂ ਤੇ ਤਾਂ ਹੋਰ ਭੀ ਜ਼ਿਆਦਾ ਢੁਕਦੀ ਹੈ । ਧਾਰਮਕ ਸੰਸਥਾਵਾਂ ਦੇ ਪ੍ਰਬੰਧ ਲਈ ਮੁਖੀਆਂ ਦੀਆਂ ਚਣਾਂ ਜੇ ਅਧਾਰਮਕ ਸਾਧਨਾਂ ਦੁਆਰਾ ਹੋਣ ਜਾਂ ਅਜੇਹੇ ਵਿਅੱਕਤੀ ਚੁਣੇ ਜਾਣ, ਜਿਨ੍ਹਾਂ ਨੂੰ ਧਰਮ ਦੇ ਮੁਢਲੇ ਅਸੂਲਾਂ ਦਾ ਵੀ ਪਤਾ ਨਾ ਹੋਵੇ ਤੇ ਜੋ ਇਸ ਨੂੰ ਵਰਤ ਕੇ ਸਿਆਸੀ ਖੇਤਰ ਵਿਚ ਕੋਈ ਪਦਵੀ ਹੀ ਪ੍ਰਾਪਤ ਕਰਨਾ ਚਾਹੁੰਦੇ ਹੋਣ ਤਾਂ ਫਿਰ ਧਰਮ ਦੀ ਥਾਂ ਅਧਰਮ ਜਾਂ ਦੂਜੇ ਸ਼ਬਦਾਂ ਵਿਚ ਸਦਾਚਾਰ ਦੀ ਥਾਂ ਵਿਭਚਾਰ ਹੀ ਫੈਲੇਗਾ । ਅਸਾਂ ਧਰਮ ਨੂੰ ਰਾਜਨੀਤੀ ਤੋਂ ਨਹੀਂ ਰਾਜਨੀਤੀ ਦੀ ਭੈੜੀ ਵਰਤੋਂ ਤੋਂ ਬਚਾਣਾ ਹੈ ।

ਜੋ ਸਜਣ ਚੁਣੇ ਜਾਂਦੇ ਹਨ ਉਨ੍ਹਾ ਦੇ ਮੋਢਿਆ ਤੇ ਜ਼ਿਮੇਵਾਰੀਆਂ ਆਂਦੀਆਂ ਹਨ । ਜੇ ਉਹ ਪੇਟ-ਪੂਜ ਹਨ, ਵਢੀ-ਖੋਰ ਹਨ, ਆਚਰਣ-ਹੀਣ ਹਨ ਤਾਂ ਉਹ ਸੁਆਰਥੀ ਹਨ, ਉਨ੍ਹਾਂ ਤੋਂ ਲੋਕ-ਸੇਵਾ ਦੀ ਆਸ ਨਹੀਂ ਹੋ ਸਕਦੀ । ਚਾਹੀਦਾ ਤਾਂ ਇਹ ਹੈ ਕਿ ਸਾਡੇ ਲੀਡਰ, ਮੁਖੀ ਤੇ ਚੁਣੇ ਹੋਏ ਮੈਂਬਰ ਮਨੁਖਤਾ ਦੀ ਇਕ ਮਿਸਾਲ ਹੋਣ । ਉਨ੍ਹਾਂ ਦੇ ਬੋਲ ਤੇ ਕਰਮ ਦੂਜਿਆਂ ਨੂੰ ਉਤਸ਼ਾਹ ਤੇ ਚਾਨਣ ਦੇਣ । ਉਨ੍ਹਾਂ ਦਾ ਨਿਤ ਦਾ ਜੀਵਨ ਨਿਆਂ, ਸੇਵਾ ਤੇ ਭਗਤੀ-ਭਾਵ ਦੀ ਮਿਸਾਲ ਹੋਵੇ । ਇਹ ਗੁਣ ਹਨ ਜੋ ਵਖ ਵਖ ਵਿਅਕਤੀਆਂ ਨੂੰ ਮਨੁਖੀ ਲੈਣ-ਦੇਣ ਤੇ ਆਮ ਵਿਵਹਾਰ ਵਿਚ ਇਕ ਦੂਜੇ ਤੇ ਭਰੋਸਾ ਤੇ ਵਿਸ਼ਵਾਸ਼ ਲਿਆਣ ਤੇ ਇਕ ਦੂਜੇ ਨੂੰ ਮਿਲਵਰਤਣ ਦੇਣ ਵਿਚ ਸਹਾਈ ਹੁੰਦੇ ਹਨ ।

ਭੈੜੀ ਨੀਤ, ਕੁਚਲ, ਠੱਗੀ, ਧੋਖਾ ਤੇ ਆਚਰਣ ਦੀਆਂ ਹੋਰ ਅਜੇਹੀਆਂ ਗਿਰਾਵਟਾਂ ਜੋ ਭਾਵੇਂ ਸਾਧਾਰਣ ਹੀ ਦਿਸਦੀਆਂ ਹਨ ਮਨੁਖਾਂ ਵਿਚ ਇਕ ਦੂਜੇ ਤੇ ਅਵਿਸ਼ਵਾਸ, ਆਪਸ ਵਿਚ ਘਿਰਣਾ ਤੇ ਹੋਰ ਔਗੁਣ ਉਪਜਾਂਦੀਆਂ ਹਨ । ਗੁਣਾਂ ਤੋਂ ਗੁਣ ਪਰਫੁਲਤ ਹੁੰਦੇ ਹਨ ਤੇ ਔਗੁਣਾਂ ਤੋਂ ਔਗੁਣ ਹੀ ਵਧਦੇ ਹਨ ।

ਸਰਮ ਧਰਮ ਕਾ ਡੇਰਾ ਦੂਰਿ-

ਰਾਜਨੀਤੀ ਦੀ ਭੈੜੀ ਵਰਤੋਂ ਤੇ ਹੋਰ ਆਚਰਣਕ ਗਿਰਾਵਟਾਂ ਕਿਉਂ ਹਨ ? ਇਸ ਲਈ ਕਿ ਸ਼ਰਮ ਤੇ ਹਯਾ ਦਾ ਅਭਾਵ ਹੈ । ਸ਼ਰਮ ਦਾ ਸੰਬੰਧ ਧਰਮ ਨਾਲ ਹੈ । ਜਿਥੇ ਧਰਮ ਹੈ ਉਥੇ ਸ਼ਰਮ ਵੀ ਹੈ ਤੇ



www.AKJ.Org

ਜਿਥੇ ਧਰਮ ਨਹੀਂ, ਉਥੇ ਸ਼ਰਮ ਨਹੀਂ । ਜੇ ਸ਼ਰਮ ਜਾਂ ਹਯਾ ਨਹੀਂ ਤਾਂ ਬੇਸ਼ਰਮੀ ਤੇ ਬੇ-ਹਯਾਈ ਦਾ ਡੇਰਾ ਹੈ ਤੇ 'ਧਰਮ ਕਾ ਡੇਰਾ ਦੂਰ' ਹੈ । ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਰਮ ਨੂੰ ਕਈ ਥਾਈਂ ਇਕੱਠਿਆਂ ਹੀ ਰਖਿਆ ਹੈ: 'ਸਰਮ ਧਰਮ ਕਾ ਡਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ* ।' ਤੇ ਇਜ ਹੀ 'ਸਰਮ ਧਰਮ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥' ਕੀ ਅਜ ਵੀ ਕੁਝ ਇਹੋ ਜਹੀ ਹੀ ਹਾਲਤ ਨਹੀਂ ?

ਵਿਦਿਅਕ ਪ੍ਰਬੰਧ ਵਿਚ ਊਣਤਾਈਆਂ-

ਵਡੀ ਫ਼ਿਕਰ ਵਾਲੀ ਗਲ ਤਾਂ ਇਹ ਹੈ ਕਿ ਸਾਡਾ ਵਿਦਿਅਕ ਪ੍ਰਬੰਧ ਵੀ ਵਿਗੜਿਆ ਪਿਆ ਹੈ। ਜੋ ਪਾੜ੍ਹੇ ਪੜ੍ਹਕੇ ਸਕੂਲਾਂ ਕਾਲਜਾਂ ਤੋਂ ਨਿਕਲ ਰਹੇ ਹਨ, ਉਹ ਸੁਸਤ ਤੇ ਘਟ ਮਿਹਨਤ ਨਾਲ ਵਧ ਲਾਭ ਉਠਾਣ ਦੀਆਂ ਵਿਉਂਤਾਂ ਅਤੇ ਦੂਜਿਆਂ ਦੇ ਅਧਿਕਾਰਾਂ ਉਤੇ ਛਾਪੇ ਮਾਰਨ ਦੀਆਂ ਦਲੀਲਾਂ ਸੋਚਣ ਵਾਲ ਹੁੰਦੇ ਹਨ । ਸਕੂਲਾਂ ਤੇ ਕਾਲਜਾਂ ਦੀ ਪੜ੍ਹਾਈ ਦੇ ਤਰੀਕਿਆਂ ਤੇ ਹੋਰ ਕੰਮ-ਕਾਜ ਦੀਆਂ ਵਿਉਂਤਾਂ ਵਿਚ ਇਤਨੀਆਂ ਊਣਤਾਈਆਂ ਹਨ ਕਿ ਅਸੀਂ ਰਾਜਨੀਤਕ ਤੌਰ ਤੇ ਕੱਚੇ, ਆਰਥਕ ਅਗਿਆਨੀ, ਫਿਲਸਫ਼ੇ ਤੇ ਸੱਚੇ ਬਿਬੇਕ ਤੋਂ ਅਨਜਾਣ ਤੇ ਆਤਮਕ ਮੰਡਲਾਂ ਤੋਂ ਕੋਰੇ ਜੁਆਨ, ਹਰ ਸਾਲ ਲੱਖਾਂ ਦੀ ਗਿਣਤੀ ਵਿਚ, ਵਿਸ਼ਵ ਵਿਦਿਆਲਿਆਂ ਵਿਚੋਂ ਕੱਢ ਕੱਢ ਕੇ ਬਾਹਰ ਭੇਜਦੇ ਜਾ ਰਹੇ ਹਾਂ ।

ਹਰ ਘਰ, ਹਰ ਸਕੂਲ ਤੇ ਹਰ ਧਰਮ ਕੇਂਦਰ ਵਿਚ ਇਕ ਪਰੀਵਰਤਨ ਲਿਆਣ ਦੀ ਲੋੜ ਹੈ। ਘਟੋ ਘਟ ਇਸ ਗਲ ਤੇ ਤਾਂ ਹਰ ਸੰਸਥਾ ਵਿਚ ਜ਼ੋਰ ਦੇਣਾ ਜ਼ਰੂਰੀ ਹੈ ਕਿ ਵਕਤ ਦੀ ਕਦਰ, ਫ਼ਰਜ਼ ਦੀ ਪਛਾਣ ਤੇ ਨੇਕ ਤਰੀਕਿਆਂ ਨਾਲ ਕਮਾਈ ਕੀਤੀ ਜਾਏ । ਸਾਨੂੰ ਅਜ ਇਕ ਸ਼ਕਤੀ-ਸ਼ਾਲੀ, ਉਸਾਰੂ ਤੇ ਅਗਵਾਈ ਦੇਣ ਵਾਲੇ ਆਚਰਣ ਦੀ ਲੋੜ ਹੈ ।

ਆਚਰਣ ਦੀ ਨੀਂਹ ਘਰ ਤੋਂ ਰਖੀ ਜਾਂਦੀ ਹੈ । ਮਾਂ ਦਾ ਦੁਧ ਚੁੰਘਣ ਸਮੇਂ ਤੋਂ ਹੀ ਬੱਚੇ ਦੇ ਆਚਰਣ ਦੀ ਉਸਾਰੀ ਹੋਣ ਲਗਦੀ ਹੈ । ਚੰਗੇ ਆਚਰਣ ਲਈ ਸ਼ੁਰੂ ਤੋਂ ਜ਼ਬਤ ਤੇ ਸਾਧਨਾ ਦੀ ਲੋੜ ਹੈ ।

ਸਾਡੀ ਨਿਤ ਦੀ ਅਰਦਾਸ—

'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਸਿਖੀ ਦਾ ਆਦਰਸ਼ ਹੈ । ਵਾਹਿਗੁਰੂ ਦੀ ਫ਼ਤਹਿ ਲਈ ਖ਼ਾਲਸੇ ਨੂੰ ਵਿਸ਼ੇਸ਼ ਆਚਰਣ ਦੀ ਲੋੜ ਹੈ । ਇਸੇ ਆਚਰਣ ਉਸਾਰੀ ਲਈ ਸਿਖ ਹਰ ਰੋਜ਼ ਆਪਣੀ ਅਰਦਾਸ ਵਿਚ ਕੁਝ ਗੁਣਾਂ ਦੀ ਮੰਗ ਕਰਦਾ ਹੈ। ਉਹ ਗੁਣ ਹਨ ; ਸਿਖੀ ਦਾਨ, ਨਾਮ ਦਾਨ, ਬਿਬੇਕ ਦਾਨ, ਵਿਸਾਹ ਦਾਨ, ਰਹਿਤ ਤੇ ਭਰੋਸਾ ਦਾਨ, ਮਨ ਨੀਵਾਂ, ਮਤ ਉਚੀ ਤੇ ਚੰਗਿਆਂ ਦੀ ਸੰਗਤ, 'ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ' ਆਦਿ । ਇਸ ਯਾਚਨਾ ਤੇ ਤਰਲੇ ਪਿਛੇ ਇਹ ਵਿਸ਼ਵਾਸ਼ ਤੇ ਭਰੋਸਾ ਹੈ ਕਿ ਵਾਹਿਗੁਰੂ ਸਾਡੇ ਤੇ ਤੁਠਕੇ ਇਨ੍ਹਾਂ ਗੁਣਾਂ ਦੀ ਮਿਹਰ ਕਰੇਗਾ । ਇਨ੍ਹਾਂ ਗੁਣਾਂ ਵਿਚ ਗੁੰਦੇ ਹੋਏ ਉਚ ਆਚਰਣ



www.AKJ.Org

ਦੁਆਰਾ ਹੀ 'ਵਾਹਿਗੁਰੂ ਜੀ ਕੀ ਫਤਹਿ' ਦੇ ਆਦਰਸ਼ ਵਲ ਵਧ ਸਕਣ ਦੀ ਸੰਭਾਵਨਾ ਹੋ ਸਕਦੀ ਹੈ।

ਆਚਰਣ ਦੀਆਂ ਸਿਖਰਾਂ—

'ਸਰਬਤ ਦਾ ਭਲਾ' ਆਚਰਣ ਦਾ ਸਿਖਰ ਹੈ। ਇਸ ਵਿਚ ਪਰਮਾਤਮਾ ਦਾ ਭਾਣਾ ਮੰਨਣ ਦਾ ਅਸਲੀ ਪਰਗਟਾਵਾ ਹੈ। ਇਸ ਅਵਸਥਾ ਤੇ ਤਾਂ ਉਸ ਆਤਮਕ ਸੰਬੰਧ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਹੇਠ ਲਿਖੀ ਤੁਕ ਵਿਚ ਅੰਕਿਤ ਹੈ :

'ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ'* ॥

ਜ ਇਹ ਅਵਸਥਾ ਹੈ ਤਾਂ ਮਨ ਚੜ੍ਹਦੀਆਂ ਕਲਾਂ ਵਿਚ ਵਿਚਰਦਾ ਹੈ। ਹਰ ਪਾਸੇ ਤੇ ਸਭਨਾਂ ਵਿਚ ਪਿਆਰਾ ਹੀ ਦਿਸਦਾ ਹੈ। ਭਾਣੇ ਵਿਚ ਮਗਨ, ਸੇਵਾ ਤੇ ਸਿਮਰਨ ਵਿਚ ਮਸਤ, ਮਨੁਖ ਇਹੀ ਅਨੁਭਵ ਕਰਦਾ ਹੈ ਕਿ ਉਸ ਦਾ ਵੈਰੀ ਕੋਈ ਨਹੀਂ ਹੈ :

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥ ੧ ॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਇਹ ਸੁਮਤਿ ਸਾਧੂ ਤੇ ਪਾਈ ॥ ੨ ॥
ਸਭ ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥ ੩ ॥ ੮ ।*

ਕੁਝ ਇਹੋ ਜਹੀ ਹੀ ਅਵਸਥਾ ਸੀ ਭਾਈ ਘਨੱਈਆ ਜੀ ਦੀ। ਗੁਰੂ ਜੀ ਨੇ ਪੁਛਿਆ — 'ਕਿਉਂ ਭਾਈ ਜੀ ! ਸ਼ਕਾਇਤ ਹੈ ਕਿ ਤੁਸੀਂ ਵੈਰੀਆਂ ਨੂੰ ਭੀ ਜਲ ਛਕਾਉਂਦੇ ਹੋ ?' ਭਾਈ ਘਨਈਆ ਜੀ ਦਾ ਉਤਰ ਸੀ: 'ਦੀਨਾਂ ਦੇ ਨਾਥ ਸਤਿਗੁਰੂ ਜੀ ! ਮੈਂ ਤਾਂ ਆਪ ਦੇ ਸਿਵਾਏ ਕਿਸੇ ਹੋਰ ਨੂੰ ਜਲ ਨਹੀਂ ਛਕਾਂਦਾ। ਸਭ ਪਾਸੇ ਮੈਨੂੰ ਆਪ ਹੀ ਦਿਸ ਰਹੇ ਹੋ। ਤੁਹਾਡੀ ਕਿਰਪਾ ਦੁਆਰਾ ਮਨੂੰ ਕੋਈ ਵੈਰੀ ਨਹੀਂ ਦਿਸਦਾ ।'

ਇਹ ੴ ਆਚਰਣ ਦਾ ਸਿਖਰ ਹੈ। ਪਰ ਓਟ ਤੇਆਸਰਾ ਹੈ ਸਤਿ ਗੁਰੂ ਦਾ।ਟੇਕ ਹੈ ਨਾਮ। ਇਛਾ ਇਹੋ ਹੈ ਕਿ ੧ਓ ਦੀ ਉਪਾਸ਼ਨਾ ਹੋਵੇ। ਏਕਤਾ ਦੀ ਪੂਜਾ ਹੋਵੇ। ਉਹ ਜੋ ਅਨੇਕ ਹੈ ਫਿਰ ਏਕ ਹੈ ਉਹੀ ਚਾਰ ਚੁਫੇਰੇ ਨਜ਼ਰੀ ਆਵੇ। ਉਸ ਵਿਚ ਵਿਚਰੀਏ, ਉਸ ਵਿਚ ਥੀਵੀਏ ਤੇ ਉਸੇ ਵਿਚ ਲੀਨ ਹੋ ਜਾਈਏ। ਇਹ ਹੈ ਇਕ ਦੀ ਪੂਜਾ ਤੇ ਏਕਪਾ ਦੇ ਅਸਲੀ ਜੀਵਨ ਰਾਹੀਂ ਇਕ ਤੇ ਏਕਤਾ ਦੀ ਫਤਹਿ ਦੀ ਯਾਚਨਾ ਪਰ ਇਸ ਲਈ ਧੁਰਾ ਨਾਮ ਹੈ।

ਨਾਮ ਵਾਲਾ ਜੀਵਨ, ਨਾਮ ਦੀ ਚੜ੍ਹਦੀ ਕਲਾ ਵਿਚ ਵਿਚਰ ਰਿਹਾ ਜੀਵਨ ਕਿਹੋ ਜਿਹਾ ਹੁੰਦਾ ਹੈ ?



www.AKJ.Org

ਇਹ ਹੈ ਗੁਰੂ ਸਾਹਿਬਾਂ ਵਾਲਾ ਜੀਵਨ। ਨਾਮ ਦੀ ਕਮਾਈ ਵਾਲਾ ਜੀਵਨ ਉਹੀ ਹੈ ਜੋ ਪੰਜਾਂ ਪਿਆਰਿਆਂ ਤੇ ਹੋਰ ਸ਼ਹੀਦਾਂ ਵਾਂਗ ਗੁਰੂ ਜੀ ਦੇ ਦਰਸਾਏ ਮਾਰਗ ਤੇ ਤੁਰ ਕੇ ਬਤੀਤ ਕੀਤਾ ਜਾਏ। ਨਾਮ ਵਾਲਾ ਜੀਵਨ ਹੀ ਸੱਚੀ ਕਮਾਈ ਵਾਲਾ ਜੀਵਨ ਹੈ। 'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ।' † ਦਾ ਭਾਵ ਇਹੋ ਹੈ। ਤਾਹੀਉਂ ਤਾਂ ਸਾਡੀ ਅਰਦਾਸ ਹੈ ਕਿ ਸਭ ਨੂੰ ਨਾਮ ਦੀ ਪ੍ਰਾਪਤੀ ਹੋਵੇ ਤੇ ਸਭ ਚੜ੍ਹਦੀ ਕਲਾ ਵਿਚ ਵਿਚਰਨ ਤੇ ਫਿਰ ਸਭ ਉਸਦੇ ਭਾਣੇ ਵਿਚ ਰਹਿਣ। ਇਸ ਵਿਚ ਸਰਬਤ ਦਾ ਭਲਾ ਹੈ।

'ਨਾਨਕ ਨਾਮ ਚੜ੍ਹਦੀ ਕਲਾ ॥ ਤੇਰੇ ਭਾਣੇ ਸਰਬਤ ਦਾ ਭਲਾ ॥'

ਸੱਚੇ ਦਿਲੋਂ 'ਸਰਬਤ ਦਾ ਭਲਾ' ਮੰਗਣਾ ਤੇ ਇਸ ਲਈ ਤਾਣ ਲਾਣਾ ਆਚਰਣ ਦੀਆਂ ਸਿਖਰਾਂ ਨੂੰ ਛੂਹਣਾ ਹੈ। 'ਸਰਬਤ ਦਾ ਭਲਾ' ਮੰਗਣ ਵਾਲਾ ਤੇ ਇਸ ਸੂਝ ਨੂੰ ਵਰਤੋਂ ਵਿਚ ਲਿਆਣ ਵਾਲਾ ਮਨੁਖ ਫਿਰ ਕਿਸੇ ਦਾ ਬੁਰਾ ਨਹੀਂ ਚਿਤਵਦਾ। ਉਹ ਮਿਠਬੋਲੜਾ' ਹੋ ਜਾਂਦਾ ਹੈ। ਕਰਮਾਂ ਦੁਆਰਾ ਪਰਉਪਕਾਰੀ, ਸੇਵਾ ਤੇ ਕੁਰਬਾਨੀ ਦਾ ਪੁਤਲਾ ਬਣ ਜਾਂਦਾ ਹੈ। ਉਹ ਫਿਰ ਦੂਜਿਆਂ ਲਈ ਇਕ ਮਿਸਾਲ ਹੋ ਕੇ ਚਮਕਣ ਲਗਦਾ ਹੈ। ਇਹੋ ਜਿਹਾ ਪਰਉਪਕਾਰੀ ਜੀਵ ਸਦਾਚਾਰ ਦੇ ਉਸ ਉਚੇ ਪਧਰ ਤੇ ਪੁਜ ਜਾਂਦਾ ਹੈ ਜਿਥੇ 'ਮੈਂ' ਨਹੀਂ 'ਤੂੰ' ਦੀ ਖੇਡ ਹੈ। ਜਿਥੇ 'ਤੇਰਾ ਤੇਰਾ' ਦਾ ਹੀ ਅਲਾਪ ਹੈ। ਜਿਥੇ 'ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂੰ'* ਤੇ 'ਤੇਰਾ ਕੀਆ ਮੀਠਾ ਲਾਗੈ'† ਵਾਲੀ ਅਵਸਥਾ ਹੁੰਦੀ ਹੈ।

ਪੂਰਨ-ਮਨੁਖ ਬਣਨ ਦੀ ਲੋੜ—

ਸਿਖ ਧਰਮ ਰੁੱਖਾ-ਫਿੱਕਾ ਧਰਮ ਨਹੀਂ। ਇਹ ਨਿਰਾ ਕਿਸੇ ਦਾਰਸ਼ਨਿਕ ਸਿਧਾਂਤ ਦਾ ਕਲਪਿਤ ਧਰਮ ਨਹੀਂ। ਇਸ ਨੇ ਤਾਂ ਜੀਵਨ ਜਾਚ ਤੇ ਜੀਵਨ ਫਲਸਫ਼ਾ ਸਿਖਾਇਆ ਹੈ। ਸਿਖ ਪੰਥ ਨਿਰਾ ਬੌਧਿਕ ਗਿਆਨ ਗ੍ਰਹਿਣ ਕਰਨ ਜਾਂ ਵੇਖਣ ਸੁਣਨ ਲਈ ਹੀ ਨਹੀਂ, ਸਗੋਂ ਇਕ ਖਾਸ ਚਲਨ ਲਈ ਮਾਰਗ ਹੈ। ਇਹ ਜੀਵਣ-ਜਾਚ ਦਸਣ ਲਈ ਗੁਰੂ ਨਾਨਕ ਦੇਵ ਜੀ ਨੇ ਲੋਕ-ਭਾਸ਼ਾ ਵਿਚ ਬਾਣੀ ਰਚੀ। ਆਪ ਨੇ ਸੰਗੀਤ ਰਾਹੀਂ ਉੱਚੇ ਤੋਂ ਉੱਚੇ ਭਾਵ ਤੇ ਡੂੰਘੇ ਤੋਂ ਡੂੰਘੇ ਵਿਚਾਰ ਸਿੱਧੇ ਸਾਦੇ ਤੇ ਆਮ ਪਧਰ ਦੇ ਦ੍ਰਿਸ਼ਟਾਂਤ ਦੇ ਕੇ ਸਮਝਾਏ ਤੇ ਉਨ੍ਹਾਂ ਤੇ ਅਮਲ ਕਰਨ ਦੀ ਪ੍ਰੇਰਨਾ ਕੀਤੀ। ਗੁਰੂ ਨਾਨਕ ਦੇਵ ਜੀ ਦਾ ਜੀਵਨ ਫਲਸਫ਼ਾ ਬੜਾ ਸਾਦਾ ਤੇ ਸਪਸ਼ਟ ਹੈ। ਇਸ ਵਿਚ ਪੇਚਦਾਰ ਸਿਧਾਂਤ ਨਹੀਂ। ਇਹ ਤਰਕ ਵਿਤਰਕ, ਦਲੀਲ-ਬਾਜ਼ੀ ਤੇ ਅਡੰਬਰਾਂ ਤੋਂ ਰਹਿਤ ਹੈ। ਇਸ ਵਿਚ ਜੀਵਨ ਤੇ ਜਗਤ ਨੂੰ ਨੈਤਿਕ ਤੇ ਅਧਿਆਤਮਕ ਦ੍ਰਿਸ਼ਟੀ-ਕੋਣ ਤੋਂ ਵੇਖਣ, ਸਮਝਣ, ਪਰਖਣ, ਸੁਧਾਰਣ ਤੇ ਗ੍ਰਹਣ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਮਨੁਖ ਨੂੰ ਸੱਚਾ ਜੀਵਨ ਆਦਰਸ਼ ਦਸ ਕੇ ਬਾਰ ਬਾਰ ਚੰਗ ਆਚਰਣ ਤੇ ਜ਼ੋਰ ਦਿਤਾ ਹੈ। ਪੂਰਨ-ਮਨੁਖ ਬਣਨ ਦੀ ਜੁਗਤ ਸਿਖਾਈ ਹੈ, ਜਿਸ ਨੂੰ ਸਮਝਣ ਤੇ ਦ੍ਰਿੜ੍ਹ ਕਰਨ ਦੀ ਲੜ ਹੈ।

ਗੁਰੂ ਸਾਹਿਬਾਂ ਦੀ ਨਜ਼ਰ ਵਿਚ ਮਨੁਖਤਾ ਦਾ ਮੂਲ ਨਿਰੇ ਗਿਆਨ ਤੇ ਘੁੰਤਰਾਂ ਤੋਂ ਕਿਤੇ ਵਧੇਰੇ ਉੱਚਾ ਸੀ। ਉਹ ਤਾਂ ਮਨੁਖ ਨੂੰ ਮਨੁਖੀ ਕੀਮਤਾਂ ਸਮਝਾਣਾ ਚਾਹੁੰਦੇ ਸਨ। ਉਨ੍ਹਾਂ ਸੰਸਾਰ ਦੀ ਅਸਾਰਤਾ ਤੋਂ ਸਾਵਧਾਨ ਹੋਕੇ ਜੀਵਨ ਨੂੰ ਪਾਪ-ਰਹਿਤ ਬਣਾਨ ਦਾ ਉਪਰਾਲਾ ਕੀਤਾ। ਇਸੇ ਧਰਤੀ ਤੇ ਇਸੇ ਜਾਮੇ ਵਿਚ, ਸਾਕ ਨਾਤਿਆਂ



www.AKJ.Org

ਵਿਚ ਵਿਚਰਦੇ ਹੋਏ, ਯਥਾਰਥ ਜੀਵਨ ਜੀਉਂਦੇ ਹੋਏ ਅਨੰਦ ਮਾਣਨ ਦਾ ਤਰੀਕਾ ਦਸਿਆ। ਇਸ ਸਾਰੀ ਜੀਵਨਜਾਚ ਦੀ ਵਲਗਣ ਆਚਰਣ ਵਿਚ ਰਖਕੇ ਇਸਨੂੰ ਸੁਰਖਿਅਤ ਕੀਤਾ। ਇਸ ਸਾਰੇ ਜੀਵਨ-ਚੱਕਰ ਦਾ ਧੁਰਾ ਸਦਾਚਾਰ ਹੀ ਦਰਸਾਇਆ, ਜਿਸ ਨੂੰ ਪ੍ਰਾਪਤ ਕਰਨ ਲਈ ਨਾਮ, ਗੁਰਬਾਣੀ ਤੇ ਸੰਗਤ ਤੇ ਜ਼ੋਰ ਦਿਤਾ।

ਨਿਰਮਲ ਬੁਧੀ, ਨਿਰਮਲ ਮਨ ਤੇ ਨਿਰਮਲ ਕਰਮ—

ਗੁਰੂ ਜੀ ਨੇ ਪੁਰਾਤਨ ਉਕਤੀਆਂ ਜੁਗਤੀਆਂ ਤੇ ਜੰਤਰਾਂ ਮੰਤਰਾ ਦੇ ਗੁਲਾਮ ਬਣਨ ਦੀ ਥਾਂ ਸੁਤੰਤਰ ਰਹਿਕੇ ਬੁਧਾਂ ਨੂੰ ਸੁਰਜੀਤ, ਹਿਰਦੇ ਨੂੰ ਨਿਰਮਲ ਤੇ ਆਚਰਣ ਨੂੰ ਉੱਚਾ ਰੱਖਣ ਦੀ ਸਾਧਨਾ ਦਸੀ। ਨਿਰਮਲ ਜੀਵਨ ਨਿਰਮਲ ਬੁਧੀ ਦੇ ਆਸਰੇ ਹੀ ਹੋ ਸਕਦਾ ਹੈ ; ਪਰ ਨਿਰਮਲ ਬੁਧੀ ਦੀ ਪ੍ਰਾਪਤੀ ਨਿਰਮਲ ਮਨ ਦੁਆਰਾ, ਉਸ ਦੀ ਉਪਾਸ਼ਨਾ ਤੋਂ ਮਿਲਦੀ ਹੈ ਜੋ ਸਦਾ ਨਿਰਮਲ ਹੈ। ਨਿਰ-ਵਿਕਾਰ ਤੇ ਨਿਰਦੋਸ਼ ਜੀਵਨ, ਹਉਮੈ ਤੇ ਦਵੈਤ ਰਹਿਤ ਮਨ ਬਣਾਂਦਾ ਹੈ, ਜਿਸ ਵਿਚੋਂ ਸ਼ਰਧਾ ਤੇ ਭਗਤੀ ਨੂੰ ਪਕੇਜ ਮਿਲਦੀ ਹੈ।

ਸਿਖ ਧਰਮ ਵਿਚ ਪਦਾਰਥਕ ਵਿਗਿਆਨ ਨਾਲੋਂ ਅਧਿਆਤਮਕ ਗਿਆਨ ਦਾ ਦਰਜਾ ਉਚਾ ਹੈ, ਪਰ ਇਸ ਤੋਂ ਭੀ ਉਚੇਰਾ ਹੈ ਚੰਗਾ ਆਚਰਣ, ਨੇਕ ਚਲਣ। ਭੌਤਿਕਵਾਦ 'ਦੂਜਾ ਭਾਇ' ਜਗਾਂਦਾ ਹੈ ਤ ਮਨੁਖ ਨੂੰ ਮਨਮੁਖ ਤੇ ਮਾਦਾ-ਪ੍ਰਸਤ ਬਣਾਂਦਾ ਹੈ। ਇੰਜ ਫਿਰ ਆਚਰਨ ਦੀਆਂ ਕੀਮਤਾਂ ਦੀ ਸਹੀ ਸਮਝ ਨਹੀਂ ਰਹਿੰਦੀ। ਮਾਇਆ ਦੀ ਦੌੜ ਤੇ ਮਾਇਕ ਪਦਾਰਥਾਂ ਦੀ ਜਾਂ ਸੰਪਤੀ ਪਕੜ ਸਚ ਜੀਵਣ ਦਾ ਆਦਰਸ਼ ਨਹੀਂ। ਜੀਵਨ ਲਈ ਮਾਇਆ ਦੀ ਲੋੜ ਹੈ ਪਰ ਮਾਇਆ ਨਿਸ਼ਾਨਾ ਜਾਂ ਉਦੇਸ਼ ਨਹੀਂ, ਸਾਧਨ ਹੀ ਹੈ। ਆਦਰਸ਼ ਤਾਂ ਹੈ ਸਦੀਵੀ ਅਨੰਦ। ਇੰਜ ਕਈ ਵੇਰੀ ਮਾਇਆ ਤੋਂ ਵਿਛੜ ਕੇ, ਦੌਲਤ ਵਾਰ ਕੇ ਜਾਂ ਕਿਸੇ ਪਦਵੀ ਜਾਂ ਸਰੀਰ ਦੀ ਕੁਰਬਾਨੀ ਦੇ ਕੇ ਵੀ ਅਨੰਦ ਮਿਲਦਾ ਹੈ। ਜੀਵਨ ਦਾ ਸਹੀ ਨਿਸ਼ਾਨਾ ਤਾਂ ਸੱਚਾ ਨਾਮ ਰੂਪੀ ਅੰਮ੍ਰਿਤ ਹੈ। ਇਕ-ਰਸ, ਇਕ-ਸੁਰ ਹੋ ਕੇ ਅੰਮ੍ਰਿਤ ਦੀ ਪ੍ਰਾਪਤੀ ਸਮਦਰਸੀ ਹੋਣ ਲਈ ਜ਼ਰੂਰੀ ਹੈ। ਜੀਵਨ ਦਾ ਇਹ ਆਦਰਸ਼ ਧਰਮ ਹੀ ਪੂਰਾ ਕਰਦਾ ਹੈ ਤੇ ਇਸ ਤੋਂ ਉੱਚਾ ਹੋਰ ਕਿਹੜਾ ਧਰਮ ਹੈ ਜੋ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਦ੍ਰਿੜ੍ਹ ਕਰਾਇਆ ਹੈ :

'ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥'

ਲੋੜ ਨਿਰਮਲ ਬੁਧੀ, ਨਿਰਮਲ ਮਨ ਤੇ ਨਿਰਮਲ ਕਰਮਾਂ ਦੀ ਹੈ।

ਉਪਰਲੀ ਸਾਰੀ ਵਿਚਾਰ ਤੋਂ ਸਪਸ਼ਟ ਹੈ ਕਿ ਸਿਖ ਧਰਮ ਸੱਚੇ ਆਚਰਣ ਦਾ ਧਰਮ ਹੈ, ਜਿਸ ਦੀ ਉਸਾਰੀ ਧਰਮ ਦੀਆਂ ਨਾਹਾਂ ਉਤੇ ਹੈ।

ਇਸ ਧਰਮ ਦਾ ਅਧਿਐਨ, ਵਿਸ਼ਲੇਸ਼ਣ ਤੇ ਨਿਸਚੇ ਭਰਪੂਰ ਅਮਲ ਮਨ ਤੇ ਜੰਮੀ ਮੈਲ ਨੂੰ ਲਾਹ ਕੇ ਗੁੜ-ਕਲਪਨਾ ਨੂੰ ਹਲੂਣਾ ਦੇਕੇ ਮਾਨਸਕ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕਟ ਦਿੰਦਾ ਹੈ। ਇੰਜ



www.AKJ.Org

ਮਨ ਤੇ ਬੁਧੀ ਸਚ ਦੇ ਮੰਡਲ ਵਿਚ ਵਿਚਰਨ ਲਗਦੇ ਹਨ । ਸਿਖੀ ਦਾ ਸਹੀ ਗਿਆਨ ਤੇ ਸੱਚਾ ਅਮਲ ਮਨੁਖੀ ਚੇਤਨਾ ਵਿਚ ਸੱਚੇ ਤੇ ਸੁਚੇ ਜੀਵਨ ਆਦਰਸ਼ ਲਈ ਤਾਂਘ ਪੈਦਾ ਕਰ ਦੇਂਦਾ ਹੈ, ਜਿਸ ਵਿਚ ਉਤਸ਼ਾਹ ਤੇ ਖੇੜਾ ਹੁੰਦਾ ਹੈ । ਗੁਰਬਾਣੀ ਇਸ ਗਲ ਦੀ ਗਵਾਹ ਹੈ ਤੇ ਸਿਖੀ ਦਾ ਇਤਿਹਾਸ ਇਸ ਗਲ ਦਾ ਸਬੂਤ ਕਿ ਗੁਰੂ ਸਾਹਿਬ ਤੇ ਸਿਖ ਧਰਮ ਦੇ ਸਚੇ ਧਾਰਨੀ ਕਈ ਸਿਖ, ਸਚ ਲਈ ਆਵਾਜ਼ ਉਠਾਂਦੇ ਰਹੇ ਤੇ ਸਚੇ ਆਚਰਣ ਦੀ ਇਕ ਅਜੇਹੀ ਮਿਸਾਲ ਪੇਸ਼ ਕਰਦੇ ਰਹੇ ਜਿਸ ਦੀ ਹਰ ਕਿਸੇ ਨੇ ਪਰਸੰਸਾ ਕੀਤੀ, ਇਥੋਂ ਤਕ ਕਿ ਵਿਰੋਧੀਆਂ ਨੇ ਵੀ ਸ਼ਲਾਘਾ ਕੀਤੀ। ਕਾਜ਼ੀ ਨੂਰ ਮੁਹੰਮਦ ਨੇ ਕਿਹਾ : 'ਇਹ ਕੁਤੇ' (ਸਿਖ) ਸਚੇ ਤੇ ਸੁਚੇ ਆਚਰਣ ਵਾਲੇ ਹਨ । ਇਹ ਕਦੇ ਝੂਠ ਨਹੀਂ ਬੋਲਦੇ ।'

ਧਰਮ ਦਾ ਧੁਰਾ ਨਾਮ-

ਅਜੇਹੇ ਉੱਚੇ ਚਲਨ ਵਾਲੇ ਸਿਖ, ਨੇਕ ਕਮਾਈ ਨਾਲ ਹੀ ਬਣੇ । ਨੇਕ ਕਮਾਈ ਕੀ ਹੈ ? ਧਰਮ ਦੀਆਂ ਲੀਹਾਂ ਤੇ ਤੁਰਨਾ ਨੇਕ ਕਮਾਈ ਹੈ । ਪਰ ਧਰਮ ਦਾ ਧੁਰਾ ਹੈ, 'ਨਾਮ' । ਉਸ ਦਾ ਨਾਮ ਜੋ ਸਦਾ ਸਤਿਨਾਮ ਹੈ ।

ਪਾਪ ਦੂਰ ਕਰਨ ਲਈ ਤੇ ਪੁੰਨ ਖੱਟਣ ਲਈ ਧਰਮ ਜ਼ਰੂਰੀ ਹੈ । ਧਰਮ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ । ਨਾਮ ਹੀ ਪਾਪ ਧੋਂਦਾ ਹੈ । ਨਾਮ ਹੀ ਮੁਖ ਸਾਧਨ ਹੈ ਜਿਸ ਦੁਆਰਾ ਪਾਪ ਤੇ ਪੁੰਨ ਦੀ ਪਛਾਣ ਹੋ ਸਕਦੀ ਹੈ । ਜੇਕਰ ਕਿਸੇ ਮਨੁਖ ਨੂੰ ਤਿਲ ਭਰ ਭੀ ਸੱਚੇ ਨਾਮ ਦੀ ਪ੍ਰਾਪਤੀ ਹੋ ਜਾਵੇ ਤਾਂ ਸਮਝੋ ਉਸ ਦੇ ਭਾਣੇ ਤੀਰਥ ਯਾਤਰਾ, ਤਪ ਸਾਧਨਾ, ਦਯਾ ਤੇ ਦਾਨ ਸਭ ਹੋ ਗਏ । ਇਸ ਨਾਮ ਨੂੰ ਅਸਾਂ ਵਿਚਾਰਨਾ, ਸੁਨਣਾ ਤੇ ਦਿਲੋਂ ਪਿਆਰ ਕਰਨਾ ਹੈ । ਇਸ ਨਾਲ ਸਾਡੇ ਪਾਪ ਅੰਦਰੋਂ ਅੰਦਰ ਪਵਿਤਰ ਆਤਮਾ ਦੇ ਤੀਰਥ ਉਤੇ ਧੋਤੇ ਜਾਣਗੇ ਅਤੇ ਪੁੰਨ ਆ ਕੇ ਵਾਸਾ ਕਰ ਲੈਣਗੇ । ਪਰ ਬਿਨਾਂ ਅਮਲੀ ਸ਼ੁਭ ਕਮਾਈ ਦੇ ਭਗਤੀ ਹੋ ਨਹੀਂ ਸਕਦੀ । ਇੰਜ ਜੋ ਜੋ ਨੇਕੀ ਕਰੀਦੀ ਹੈ ਉਸ ਨੂੰ ਰੱਬ ਵਲੋਂ ਹੀ ਹੁੰਦੀ ਮੰਨ ਕੇ, ਹਉਮੈ ਦੂਰ ਰਹਿੰਦੀ ਹੈ । ਭਗਤੀ ਤੋਂ ਬਿਨਾਂ, ਨੇਕ ਹੁੰਦਿਆਂ ਭੀ ਹਉਮੈ ਤੇ ਹੰਕਾਰ ਦੇ ਪੈਦਾ ਹੋਣ ਦਾ ਅੰਦੇਸ਼ਾ ਹੁੰਦਾ ਹੈ । ਨੇਕੀ ਕਰਕੇ ਇਹ ਹੀ ਕਹਿਣਾ ਹੈ ਕਿ ਮੇਰੇ ਵਿਚ ਜੇ ਕੋਈ ਚੰਗਿਆਈ ਹੈ ਤਾਂ ਇਹ ਉਸ ਦੀ ਆਪਣੀ ਕਿਰਪਾ ਹੈ, ਮੇਥੋਂ ਜੇ ਕੋਈ ਚੰਗਿਆਈ ਹੁੰਦੀ ਹੈ ਤਾਂ ਇਹ ਸਭ ਉਸ ਦੀ ਹੀ ਵਡਿਆਈ ਹੈ । ਇੰਜ ਮਨ ਵਿਚ ਨੇਕੀ ਦੇ ਨਾਲ ਨਾਲ ਹਉਮੈ ਦੀ ਥਾਂ ਨਿੰਮਰਤਾ ਪ੍ਰਵੇਸ਼ ਕਰਦੀ ਹੈ । ਇਹ ਸਚਾਈ ਦ੍ਰਿੜ ਹੋ ਜਾਂਦੀ ਹੈ ਕਿ - 'ਮਿਠਤੁ ਨੀਵੀ ਨਾਨਕਾ ਗੁਣ ਚਗਿਆਈਆ ਤਤੁ ।।'

ਧਰਮ ਦੀ ਕਿਰਤ-

ਪਰ ਇਕ ਹੋਰ ਗਲ-ਸਮਝਣੀ ਭੀ ਬਹੁਤ ਜ਼ਰੂਰੀ ਹੈ । ਉਹ ਇਹ ਕਿ ਨਿਰਾ ਨਾਮ ਹੀ ਧਰਮੀ ਨਹੀਂ ਬਣਾ ਦੇਂਦਾ, ਇਸ ਲਈ ਧਰਮ ਦੀ ਕਿਰਤ ਭੀ ਅਤਿ ਲੋੜੀਂਦੀ ਹੈ । 'ਨਾਮ ਜਪਣਾ, ਧਰਮ ਦੀ ਕਿਰਤ ਕਰਨਾ ਤੇ ਵੰਡ ਛਕਣਾ' ਸਿਖ ਧਰਮ ਦੇ ਅਜੇਹੇ ਮੁਢਲੇ ਤੇ ਜ਼ਰੂਰੀ ਅਸੂਲ ਹਨ, ਜਿਨ੍ਹਾਂ ਦਾ ਆਪੋ



www.AKJ.Org

ਵਿਚ ਡੂੰਘਾ ਸੰਬੰਧ ਹੈ: ਜੋ ਕਿ ਲਾਜ਼ਮ ਮਲਜ਼ੂਮ ਹਨ । ਨਾਮ ਜਪਣ ਲਈ ਧਰਮ ਦੀ ਕਿਰਤ ਤੇ ਵੰਡ ਕੇ ਛਕਣਾ ਜ਼ਰੂਰੀ ਹਨ ।

ਗੁਰੂ ਜੀ ਨੇ ਮੰਤਰਾਂ, ਕਰਾਮਾਤਾਂ, ਭੇਖਾਂ ਤੇ ਯੋਗ ਆਸਣਾਂ ਆਦਿ ਨੂੰ ਨਹੀਂ ਅਪਣਾਇਆ, ਸਗੋਂ ਮਨੁਖ ਦੀ ਉੱਨਤੀ ਦੀ ਨੀਂਹ ਉਸ ਤੇ ਆਪਣੇ ਆਚਰਣ ਉਤੇ ਰਖੀ ਹੈ । ਜ਼ਿੰਦਗੀ ਇਕ ਘੋਲ ਹੈ । ਇਸ ਵਿਚ ਚੰਗੇ ਮੰਦੇ ਦਾ ਫੈਸਲਾ ਤੁਰਤ ਹੀ ਕਰਨਾ ਪੈਂਦਾ ਹੈ। ਯੋਗ ਜਾਂ ਅਯੋਗ ਰਸਤਿਆਂ ਦਾ ਫੈਸਲਾ ਅਮਲੀ ਜੀਵਨ ਵਿਚ ਪਲੋ ਪਲੀ ਕਰਨਾ ਹੁੰਦਾ ਹੈ । ਇਹ ਤਾਂ ਹੀ ਹੋ ਸਕਦਾ ਹੈ ਜੇ ਆਚਰਣ ਬਣਿਆ ਹੋਵੇ, ਜੇ ਨੇਕੀ ਸੁਭਾ ਦਾ ਇਕ ਅੰਗ ਬਣ ਗਈ ਹੋਵੇ । ਇਸ ਆਚਰਣ ਦੀ ਮਜ਼ਬੂਤ ਨੀਂਹ ਲਈ ਜ਼ਰੂਰੀ ਹੈ: ਨੇਕ ਕਮਾਈ । ਧਰਮ ਦੀ ਕਿਰਤ ਵਿਚ ਕਈ ਗੁਣ ਛੁਪੇ ਪਏ ਹਨ । ਇਸ ਨਾਲ ਸਚ, ਦ੍ਰਿੜ੍ਹਤਾ, ਧੀਰਜ, ਵਿਸ਼-ਵਾਸ, ਨਿਰਭੈਤਾ, ਭਾਣਾ ਮੰਨਣ ਦਾ ਬਲ, ਚੜ੍ਹਦੀ ਕਲਾ ਆਦਿ ਕਈ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ । ਇਸੇ ਤਰ੍ਹਾਂ ਵੰਡ ਛਕਣ ਵਿਚ ਦਿਆਲਤਾ, ਪਰਉਪਕਾਰ, ਸੇਵਾ, ਕੁਰਬਾਨੀ ਆਦਿ ਜਿਹੇ ਗੁਣ ਛੁਪ ਪਏ ਹਨ । ਇਹ ਸਾਰੇ ਗੁਣ ਚੰਗਾ ਆਚਰਣ ਬਨਾਂਦੇ ਹਨ ।

ਨਾਮ ਤੇ ਆਚਰਣ-

ਨਾਮ ਸਿਮਰਨ ਉਤਮ ਕਿਰਿਆ ਹੈ, ਪਰ ਆਚਰਣ ਵੀ ਤਾਂ ਉਤਨਾ ਹੀ ਜ਼ਰੂਰੀ ਹੈ । ਵਾਸਤਵ ਵਿਚ ਨਾਮ ਸਿਮਰਨ ਉਚੇ ਆਚਰਣਬਿਨਾਂ ਹੋ ਹੀ ਨਹੀਂ ਸਕਦਾ । ਕਿਉਂਕਿਸਿਮਰਨਨਿਰੀ ਜੀਭ ਨਾਲਸਤਿਨਾਮੁ ਕਹਿਣ ਦੀ ਕਿਰਿਆ ਹੀ ਤਾਂ ਨਹੀਂ, ਇਹ ਤਾਂ ਉਸ ਨਾਮ ਨੂੰ ਅੰਦਰ ਵਸਾਣਾ ਹੈ, ਉਸ ਦਾ ਬੀਜ ਬੋਣਾ ਹੈ। ਇਸ ਲਈ ਜ਼ਰੂਰੀ ਹੈ ਕਿ ਧਰਤੀ ਵੱਤਰ ਹੋਵੇ ਤੇ ਲੋੜੀਂਦਾ ਵਾਤਾਵਰਨ ਹੋਵੇ ਤੇ ਇਨ੍ਹਾਂ ਦਾ ਹੀ ਸੁਮੇਲ ਤਾਂ ਆਚਰਣ ਹੈ । ਆਚਰਣ ਤੇ ਕਿਰਤ ਦਾ ਬਹੁਤ ਡੂੰਘਾ ਸੰਬੰਧ ਹੈ । ਕਿਰਤ ਚੰਗੀ ਹੈ ਤਾਂ ਆਚਰਣ ਚੰਗਾ ਹੈ, ਕਿਰਤ ਭੈੜੀ ਹੈ ਤਾਂ ਆਚਰਣ ਭੈੜਾ । ਧਰਮ ਦੀ ਕਿਰਤ ਨਾਲ ਧਾਰਮਕ ਆਚਰਣ ਬਣਦਾ ਹੈ ਜੋ ਧਰਮ ਦੀਆਂ ਪੱਕੀਆਂ ਬੁਨਿਆਦਾਂ ਤੇ ਹੋਣ ਕਾਰਣ ਹਰ ਪ੍ਰੀਖਿਆ ਤੇ ਹਰ ਔਕੜ ਸਮੇਂ ਮਨੁਖ ਨੂੰ ਡੋਲਣ ਤੋਂ ਬਚਾਂਦਾ ਹੈ । ਸੱਚਾ, ਸੁੱਚਾ ਤੇ ਪੱਕਾ ਆਚਰਣ ਚੜ੍ਹਦੀ ਕਲਾ ਪਰਦਾਨ ਕਰਦਾ ਹੈ, ਮਨੁਖ ਨੂੰ ਖੇੜਾ ਤੇ ਹੁਲਾਸ ਦੇਂਦਾ ਹੈ ।

ਨਾਮ ਸਿਮਰਨ ਇਕ ਅਜੇਹੀ ਉੱਚੀ ਕਿਰਿਆ ਹੈ ਜਿਸ ਦੁਆਰਾ ਧਿਆਨ ਜਾਂ ਤਵੱਜੋ ਬਾਹਰੋਂ ਅੰਦਰ ਵਲ ਹੁੰਦੀ ਹੈ । ਨਾਮ ਬਾਹਰ ਜਾਂਦੀ ਸੁਰਤ ਨੂੰ ਅੰਤਰ-ਮੁਖ ਕਰਦਾ ਹੈ ਅਤੇ ਧਿਆਨ ਨੂੰ ਸਭ ਪਾਸਿਓਂ ਹੋੜ ਕੇ ਇਕ ਵਲ ਜੋੜਦਾ ਹੈ । ਉਸ ਇਕ ਵਲ, ਜਿਸ ਨੂੰ ਅਸੀਂ ਭੁਲੇ ਹੋਏ ਹਾਂ । ਯਾਦ ਨਾਲ, ਜਾਪ ਨਾਲ, ਸਿਮਰਨ ਨਾਲ ਉਹ ਅੰਦਰੋਂ ਹੀ ਲਿਖਿਆ ਜਾਣਾ ਹੈ । ਉਹ ਜੋ ਮਨ. ਬੁਧ ਤੇ ਆਤਮਾ ਵਿਚ ਮੌਜੂਦ ਹੈ. ਫਿਰ ਪਰਤੱਖ ਦਿਸਣ ਲਗਦਾ ਹੈ ।

ਪਰ ਨਾਵ ਜਪਣਾ ਕੋਈ ਸੌਖੀ ਕਾਰ ਨਹੀਂ । ਇਸ ਲਈ ਗਿਆਨ ਨਾਲੋਂ ਪ੍ਰੇਮ ਤੇ ਸ਼ਰਧਾ ਦੀ



www.AKJ.Org

ਬਹੁਤੀ ਲੋੜ ਹੈ । ਇਹ ਤਾਂ ਲਿਵ ਤੇ ਲਟਕ ਦੀ ਖੇਡ ਹੈ । ਐਵੇਂ ਤਾਂ ਨਹੀਂ ਕਿਹਾ ਗਿਆ, 'ਹੋਸ਼ਾਂ ਨਾਲੋਂ ਮਸਤੀ ਚੰਗੀ ਰਖਦੀ ਸਦਾ ਟਿਕਾਣ।' ਪਰ ਇਹ ਮਸਤੀ ਮਿਲੇ ਕਿਵੇਂ ? ਇਹ ਲਟਕ ਲਗ ਕਿਥੋਂ ? ਇਹ ਲਟਕ ਲਗਣੀ ਹੈ ਸਤਿਗੁਰੂ ਤੋਂ । ਸਤਿਗੁਰੂ ਦੇ ਸ਼ਬਦ ਦੁਆਰਾ, ਗੁਰਬਾਣੀ ਰਾਹੀਂ । ਸ਼ਬਦ ਜਾਂ ਬਾਣੀ ਦੀ ਸੂਝ ਉਸ ਦੀ ਆਪਣੀ ਮਿਹਰ ਦੁਆਰਾ ਹੀ ਹੁੰਦੀ ਹੈ, ਜੇ ਉਹ ਤਰੁਠ ਪਏ ਤਾਂ ਫਿਰ ਤੋਟ ਨਹੀਂ । ਕੋਈ ਵੀ ਸਿਮਰਨ ਨਹੀਂ ਕਰ ਸਕਦਾ ਜੇ ਉਸ ਦੀ ਆਪਣੀ ਬਖਸ਼ਸ਼ ਨਾ ਹੋਵੇ । 'ਸੇ ਸਿਮਰਹਿ ਜਿਨ ਆਪਿ ਸਿਮਰਾਏ ।' ਪਰ ਮਿਹਰ ਕਿਵੇਂ ਹੋਵੇ? ਇਸ ਦੀ ਜੁਗਤੀ ਅਗਲੀ ਤੁਕ ਵਿਚ ਦਸੀ ਹੈ ਤੇ ਉਹ ਹੈ 'ਨਾਨਕ ਤਾ ਕੈ ਲਾਗਉ ਪਾਏ।'

ਇਹ ਦਾਤ ਜਪ, ਤਪ, ਸੰਜਮ ਜਾਂ ਕਿਸੇ ਹੋਰ ਬਾਹਰਲੀ ਕਿਰਿਆ ਜਾਂ ਭੇਖ ਦੁਆਰਾ ਪ੍ਰਾਪਤ ਨਹੀਂ ਹੁੰਦੀ। ਨਾ ਹੀ ਇਸ ਲਈ ਕੋਈ ਵਖਰੀ ਵਿਉਂਤ ਹੈ, ਜਿਸ ਨਾਲ ਕਿਸੇ ਤਰ੍ਹਾਂ ਦੇ ਜ਼ੋਰ ਨਾਲ ਮਿਲ ਜਾਵੇ :-

ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ
ਅਕੈ ਕੋਇ ਕਿਹੁ ਦੇਵਾਏ ਏਹ ਹਰਿ ਧਨੁ ਜੋਰਿ ਕੀਤੈ
ਕਿਸੈ ਨਾਲਿ ਨ ਜਾਇ ਵੰਡਾਇਆ ॥ *

ਜੇ ਕਿਸੇ ਵਿਉਂਤ ਜਾਂ ਜ਼ੋਰ ਨਾਲ ਨਹੀਂ ਲਭਦਾ ਤਾਂ ਫਿਰ ਕਿਥੋਂ ਲਭਦਾ ਹੈ :

'ਹਰਿ ਧਨੁ ਰਤਨ ਜਵੇਹਰੀ
ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ ॥'*

ਭਾਵ ਇਹ ਕਿ ਇਹ ਹਰਿ ਧਨ ਜਾਂ ਨਾਮ ਜਵਾਹਰਾਂ ਵਾਂਗੂ ਅਮੋਲਕ ਹੈ ਤੇ ਪ੍ਰਮਾਤਮਾ ਤੋਂ ਹੀ ਲਭਦਾ ਹੈ । ਸਤਿਗੁਰੂ ਜੀ ਰੱਬ ਪਾਸੋਂ ਦਿਵਾਉਂਦੇ ਹਨ ।

ਪਰ ਨਾਮ ਜਹੀ ਅਮੋਲਕ ਵਸਤੂ ਤਾਂ ਹੀ ਮਿਲ ਸਕਦੀ ਹੈ ਜੇ ਮਨ ਸ਼ੁਧ ਹੋਵੇ। ਮਨ ਨੂੰ ਮਾਂਜਣਾ ਹੈ, ਆਚਰਣ ਨੇਕ ਬਣਾਉਣਾ ਹੈ ਸੰਜਮ ਸਿਖਣਾ ਹੈ । ਇਹ ਸਭ ਕੁਝ ਹੁੰਦਾ ਹੈ, ਨਿਤਨੇਮ ਦੁਆਰਾ, ਸੇਵਾ ਤੇ ਸਿਦਕ ਰਾਹੀਂ, ਪਰਉਪਕਾਰ ਤੇ ਕੁਰਬਾਨੀ ਕਰਕੇ ।

ਨਾਮ ਤਾਂ ਇਕ ਰੱਬੀ ਦਾਤ ਹੈ । ਦਾਤਾ ਦਾਤ ਦੇਂਦਾ ਹੈ । ਅਸੀਂ ਤਾਂ ਝੋਲੀ ਅੱਡ ਕੇ ਦਾਤ ਮੰਗਣੀ ਹੈ; ਜਿਸ ਲਈ ਸਾਧਨ ਤਾਂ ਅਰਦਾਸ ਹੈ, ਪਰ ਸ਼ੁਭ ਗੁਣਾਂ ਰਾਹੀਂ ਆਚਰਣ ਦੀ ਉਸਾਰੀ ਇਹ ਅਮੋਲਕ ਦਾਤ ਲੈਣ ਦੀ ਤਿਆਰੀ ਹੈ ।

ਇਸ ਤਿਆਰੀ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਜੋ ਕਰਮ ਕੇਵਲ ਕਰਮ ਮਾਤ੍ਰ ਹਨ ਉਹ ਸਭ ਭਰਮ ਹਨ ਤੇ ਤਿਆਗਣੇ ਹਨ, ਪਰ ਜੋ ਕਰਮ, ਧਰਮ ਦੇ ਕਰਮ ਹਨ, ਉਨ੍ਹਾਂ ਨੂੰ ਪਿਆਰ ਕਰਨਾ ਤੇ ਅਪਨਾਣਾ ਹੈ ।

ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥
ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ ॥†

ਇੰਜ ਹੀ ਫਰਮਾਨ ਹੈ :



www.AKJ.Org

ਬਿਨੁ ਭਗਤਿ ਸਕਤਿ ਨਹੀ ਪਰਤ ਪਾਨ ॥
ਬਹੁ ਕਰਤ ਹੋਮ ਅਰ ਜਗ ਦਾਨ ॥
ਬਿਨੁ ਏਕ ਨਾਮ ਇਕ ਚਿਤ ਲੀਨ ॥
ਫੋਕਟੋ ਸਰਬ ਧਰਮਾ ਬਿਹੀਨ ॥*

ਜੀਵਨ ਲਈ ਕਰਮ ਜ਼ਰੂਰੀ ਹਨ, ਪਰ ਧਰਮ ਦੇ ਕਰਮ ਹੀ ਸੱਚ ਕਰਮ ਹਨ। ਕਰਮ ਕਾਂਡੀ ਹੋ ਕੇ ਕਰਮ ਕਰਨੇ ਜਾਂ ਕਿਸੇ ਭਰਮ ਵਸ ਕਰਮ ਕਰਨੇ ਬੇਅਰਥ ਹਨ। ਸਚ ਓਹੀ ਕਰਮ ਹਨ ਜੋ ਆਚਰਨ ਦੀ ਉਸਾਰੀ ਕਰਨ। ਸਾਈਂ ਤੋਂ ਟੁਟੇ ਰਹਿਕੇ ਕਰਮ ਕਰਨੇ ਭੀ ਕਿਰਿਆ ਮਾਤਰ ਹੀ ਹਨ। ਸਫਲਤਾ ਤਾਂ ਹੈ, ਜੇ 'ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ'† ਹੋਵੇ। ਸੁਰਤ ਵਿਚ ਨਾਮ ਵਸਦਾ ਰਹੇ ਤੇ ਸਰੀਰ ਧਰਮ ਦੇ ਕੰਮਾਂ ਵਿਚ ਜੁੜਿਆ ਰਹੇ।

ਇਹੋ ਜਹੀ ਅਵਸਥਾ ਨਾਮ ਤੇ ਆਚਰਣ ਦਾ ਸਿਖਰ ਹੈ। ਧਰਮ ਅਤੇ ਸਦਾਚਾਰ ਦੇ ਇਸ ਸੁਮੇਲ ਨਾਲ ਜੋ ਸਦੀਵੀ ਖੇੜਾ ਤੇ ਅਨੰਦ ਮਿਲਦਾ ਹੈ, ਉਸ ਸਾਹਮਣੇ ਸਾਰੀ ਦੁਨੀਆਂ ਦਾ ਰਾਜ ਹੇਚ ਹੈ ਤੇ ਸੁਰਗਾਂ ਦੀ ਪ੍ਰਾਪਤੀ ਵੀ ਤੁਛ ਹੈ।

---

# ਲਿਖਾਰੀਆਂ ਲਈ ਜਰੂਰੀ ਬੇਨਤੀ

ਲਿਖਾਰੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰਬਾਣੀ ਬਿਲਕੁਲ ਠੀਕ ਲਿਖ ਕੇ ਭੇਜਣ। ਏਹ ਬਹੁਤ ਜਰੂਰੀ ਹੈ। ਨਹੀਂ ਤਾਂ ਅਦਬ ਨਹੀਂ। ਬਾਣੀ ਗੁਰੂ ਰੂਪ ਹੈ। ਜ਼ਬਾਨੀ ਲਿਖਣ ਦੀ ਬਜਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਤੋਂ ਉਤਾਰਾ ਕੀਤਾ ਜਾਵੇ।

ਐਡੀਟਰ



www.AKJ.Org

# ਕਿਥੋਂ ਕੀ ਮਿਲਦਾ ਹੈ ?

| ਨਾ | ਵਸਤ | ਮਿਲਣ ਦਾ ਪਤਾ |
|---|---|---|
| 1. | (ੳ) ਭਾਈ ਸਾਹਿਬ ਭਾਈ ਰਣਧੀਰ ਸਿਘ ਜੀ ਰਚਿਤ ਪੁਸਤਕਾਂ (ਅ) ਜੇਲ੍ਹ ਚਿਠੀਆਂ ਦਾ ਅੰਗਰੇਜੀ ਤਰਜਮਾ । | ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126 ਮਾਡਲ ਟਾਊਨ, ਲੁਧਿਆਣਾ । |
| 2. | ਹਰ ਕਿਸਮ ਦੀਆਂ ਧਾਰਮਕ ਪੁਸਤਕਾਂ । | (ੳ) ਸਿੰਘ ਬਰਦਰਜ਼ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ।<br>(ਅ) ਖਾਲਸਾ ਬਰਦਰਜ਼ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ । |
| 3. | ਕਿਰਪਾਨਾਂ (ਭਿੰਡਰਾਂ ਦੇ ਨਮੂਨੇ ਵਾਲੀਆ) | (ੳ) ਭਾ: ਇੰਦਰਜੀਤ ਸਿੰਘ ਜੀ, ਕਿਰਪਾਨਾਂ ਵਾਲ਼ੇ, 2 ਅਜੀਤ ਨਗਰ, ਅੰਮ੍ਰਿਤਸਰ ।<br>(ਅ) ਭਾ: ਇੰਦਰ ਸਿੰਘ ਜੀ ਕਿਰਪਾਨਾਂ ਵਾਲੇ ਪਿੰਡ ਤੇ ਡਾਕਖਾਨਾ ਰਤੰਵਾਲ ਜ਼ਿਲਾ ਲੁਧਿਆਣਾ। |
| 4. | ਖੰਡੇ (ਦਸਤਾਰ ਤੇ ਸਜਾਉਣ ਵਾਲੇ) ਸਿਮਰਨੇ ਤੇ ਜੋੜਿਆਂ ਦੇ ਨੰਬਰ । | ਭਾ: ਕਿਰਪਾਲ ਸਿੰਘ ਖਾਲਸਾ ਨਿਸ਼ਾਨ ਮੇਕਰਜ਼, 90 ਲਾਲ ਕੁਆਰਟਰ, ਆਜ਼ਾਦ ਨਗਰ ਮਾਰਕੀਟ ਲੁਧਿਆਣਾ । |
| 5. | ਸਰਬ ਲੋਹ ਦੇ ਭਾਂਡੇ | ਮਿਸਤਰੀ ਉਜਾਗਰ ਸਿੰਘ,ਮਹੱਲਾ ਲੁਹਾਰਾਂ ਪਿੰਡ ਤੇ ਡਾਕਖਾਨਾ ਘੜੂਆਂ,ਤਸੀਲ ਖਰੜ,ਜਿਲਾ ਰੋਪੜ । |



www.AKJ.Org

# 'ਬਖਸ਼ਿਸ਼'

-ਪ੍ਰਿੰ: ਮਿਹਰ ਸਿੰਘ

ਵੈਸੇ ਤਾਂ ਕਉ ਜੋ ਮਨੁਖ ਉਸ ਦਾਤੇ-ਦੀ ਬਖਸ਼ਿਸ ਬਾਰੇ ਵਰਨਣ ਕਰਨਾ ਸ਼ੁਰੂ ਕਰੇ ਤਾਂ ਉਹ ਕੁਝ ਵੀ ਜਾਨਦਾ ਹੋਵੇਗਾ ਉਹ ਹੀ ਕਰੇਗਾ ਪਰ ਜਪਜੀ ਸਾਹਿਬ ਦੇ ਅਨੁਸਾਰ 'ਏਵਡੁ ਊਚਾ ਹੋਵੈ ਕੋਇ॥ ਤਿਸ ਊਚੇ ਕਉ ਜਾਣੈ ਸੋਇ।" ਉਸ ਦਾਤੇ ਨੂੰ ਜਾਨਣਾ ਮਨੁਖ ਦੇ ਸੀਮਤ ਦਿਮਾਗ ਦੇ ਵਸ ਦਾ ਰੋਗ ਨਹੀਂ। 'ਪਰ ਆਪੁ ਆਪਣੀ ਬੁਧਿ ਹੈ ਜੇਤੀ, ਬਰਨਤ ਭਿੰਨ ਭਿੰਨ ਤੁਹਿ ਤੇਤੀ" ਦੇ ਮੁਤਾਬਕ ਹਰੇਕ ਨੇ ਉਸਨੂੰ ਪਿਆਰ ਨਾਲ ਕੁਝ ਕੁ ਕਹਿਣ ਦਾ ਜਤਨ ਜ਼ਰੂਰ ਕੀਤਾ ਹੈ। ਇਹ ਗਿਆਨ ਮਨੁਖ ਨੂੰ ਗੁਰੂ-ਕ੍ਰਿਪਾ ਦਵਾਬਾ ਮਿਲਦਾ ਹੈ ਅਤੇ ਮਨੁਖ ਇਸ ਗਿਆਨ ਦੇ ਖੰਭਾਂ ਤੇ ਹੀ ਉਡਾਰੀ ਮਾਰਦਾ ਹੈ। ਸ਼ੁਰੂ ਤੋਂ ਹੀ ਲਵੋ। ਕੀ ਮਨੁਖ ਦਾ ਇਸ ਜਨਮ ਨੂੰ ਪ੍ਰਾਪਤ ਕਰਨਾ ਹੀ ਉਸ ਲਈ ਸਭ ਤੋਂ ਉਚੀ ਬਖਸ਼ਿਸ ਨਹੀਂ ਹੈ ? ਫੇਰ ਉਸ ਦੇ ਸਰੀਰ ਦੇ ਸੋਹਣੇ ਸੋਹਣੇ ਅੰਗ ਕੀ ਘਟ ਬਖਸ਼ਿਸ ਹਨ ? ਫੇਰ ਮਨੁਖ ਨੂੰ ਦਾਤੇ ਨੇ ਆਪਣੀ ਕਾਇਨਾਤ (ਰਚਨਾ) ਵਿਚ ਸਭ ਤੋਂ ਉਚਾ ਦਰਜਾ ਦਿਤਾ ਹੈ। ਤੇ ਤਾਂ ਹੀ ਇਹ ਅਸ਼ਰਫ-ਉਲ-ਮਖਲੂਕਾਤ (ਰਚਨਾ ਦੀ ਸਭ ਤੋਂ ਉਤਮ ਵਸਤੂ) ਕਹਿਲਾਇਆ। ਹੋਰ ਅਗੇ ਚਲੋ ਤਾਂ ਗਿਨਦੇ ਜਾਉ, ਪਤਾ ਲਗੇਗਾ ਕਿ ਉਸ ਦੀਆਂ ਬਖਸ਼ਸ਼ਾਂ ਦਾ ਕੋਈ ਅੰਤ ਹਿਸਾਬ ਨਹੀਂ। ਗਵਾਹੀ ਵਲੋਂ ਕਬੀਰ ਜੀ ਕਹਿੰਦੇ ਹਨ।"ਕਬੀਰਾਂ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨ ਰਾਇ। ਬਸੁਧਾ ਕਾਗਜੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ।" ਉਸ ਦਾ ਜਸ ਯਾ ਬਖਸ਼ਿਸ ਵਰਨਣ ਤੋਂ ਬਾਹਰ ਹੈ। ਪਰ ਕੁਝ ਐਸੇ ਮੌਕੇ ਹੁੰਦੇ ਹਨ ਜਦੋਂ ਕਿ ਮਨੁਖ ਨੂੰ ਪਤਾ ਹੀ ਨਹੀਂ ਲਗਦਾ ਕਿ ਉਸ ਉਤੇ ਉਸ ਦਾਤੇ ਦੀ ਬਖਸ਼ਿਸ ਹੋ ਰਹੀ ਹੈ। ਉਹ ਅਭਾਗਾ ਖਾਲੀ ਹੀ ਰਹਿ ਜਾਂਦਾ ਹੈ ਉਸ ਗੰਜੇ ਆਦਮੀ ਦੀ ਤ੍ਰਹਾਂ ਜੇਹੜਾ ਕਿ ਇਕ ਚੂਨੇ-ਗਚ ਕਿਲੇ ਦੇ ਅੰਦਰ ਡਕਿਆ ਹੋਇਆ ਇਸ ਆਸ ਤੇ ਕਿ ਕਿਲੇ ਦੀ ਦੀਵਾਰ ਨਾਲ ਬਟਨ ਆਉਣ ਤੇ ਤੇ ਉਸਨੂੰ ਦਬਾਉਣ ਤੇ ਉਸ ਲਈ ਉਸ ਕਿਲੇ ਦਾ ਦਰਵਾਜਾ ਖੁਲੇਗਾ। ਪਰ ਠੀਕ ਬਟਨ ਦਾ ਸਮਾਂਅ ਆਉਣ ਤੇ ਉਹ ਅਭਾਗਾ ਕਿਲੇ ਦੀ ਦੀਵਾਰ ਤੋਂ ਹਥ ਹਟਾ ਕੇ ਸਿਰ ਖੁਰਖਨ ਲਗ ਪੈਂਦਾ ਹੈ ਤੇ ਫਿਰ ਉਸ ਲੰਮੇ ਚਕਰ ਵਿਚ ਪੈ ਜਾਂਦਾ ਹੈ ਤੇ



www.AKJ.Org

ਅੰਤ ਵਿਚ ਹਰ ਵਾਰ ਇਸੇ ਤ੍ਰਹਾਂ ਬਟਨ ਦਬਾਉਣ ਦਾ ਸਮਾ ਗਵਾ ਕੇ ਭਟਕਦਾ ਭਟਕਦਾ ਮਰ ਹੀ ਜਾਂਦਾ ਹੈ। ਤੇ ਮਰਦੇ ਸਮੇਂ ਤਕ ਉਸਨੂੰ ਇਹ ਹੀ ਯਕੀਨ ਰਹਿੰਦਾ ਹੈ ਕਿਇਸ ਕਿਲੇ ਦਾਦਰਵਾਜਾ ਕੋਈ ਹੈ ਹੀ ਨਹੀਂ।

ਜ਼ਾਹਿਰਾ ਤੌਰ ਤੇ ਤਾਂ ਅਸੀ ਮਾਲੂਮ ਕਰ ਲੈਂਦੇ ਹਾਂ, ਦੇਖ ਕੇ ਯਾ ਸੁਣ ਬੁਝਕੇ। ਪਰ ਆਪਣੇ ਆਪ ਕੁਝ ਕਚੀਆਂ ਬਿਰਤੀਆਂ ਵਾਲਿਆਂ ਨੂੰ ਇਸ ਬਖਸ਼ਿਸ ਦੇ ਸਮੇਂ ਦਾ ਘਟ ਹੀ ਪਤਾ ਲਗਦਾ ਹੈ। ਦਿਬ ਦ੍ਰਿਸ਼ਟੀ ਵਾਲੇ ਮਨੁਖ ਐਸਾ ਦਸਦੇ ਹਨ ਕਿ ਮਨੁਖ ਤੇ ਹਰ ਸਮੇਂ, ਹਰ ਘੜੀ ਉਸ ਦਾਤੇ ਦੀ ਬਖਸ਼ਿਸ ਬਰਸ ਰਹੀ ਹੁੰਦੀ ਹੈ। ਉਹ ਦਾਤਾ ਆਪਣੀ ਕਾਇਨਾਤ ਦੇ ਹਰੇਕ ਜੀਵ ਨੂੰ ਮਾਤਾ ਸਮਾਨ ਪਾਲਦਾ ਹੈ। ਹਰ ਵਸਤ ਉਸ ਲਈ, ਭਾਵੇਂ ਉਹ ਕਿਸੇ ਪ੍ਰਕਾਰ ਦੇ ਕਰਮ ਕਰੇ, ਆਪਣੀ ਬਖਸ਼ਿਸ ਦਾ ਦਰਵਾਜ਼ਾ ਖੁਲਾ ਹੀ ਰਖਦਾ ਹੈ। "ਰੋਜ ਹੀ ਰਾਜ ਬਿਲੋਕਤ ਰਾਜਕ, ਰੋਖ ਰੂਹਾਨ ਕੀ ਰੋਜੀ ਨ ਟਾਰੇ" ਉਹ ਸਦਾ ਹੀ ਦਿਅਲੂ ਹੈ।

ਕਈ ਮਨੁਖਾਂ ਦਾ ਹਾਲਾਤ ਚਕਰ-ਜਦੋਂ ਉਨਾਂ ਦੀ ਮਰਜ਼ੀ ਦੇ ਉਲਟ ਚਲਦਾ ਹੈ ਉਹ ਮਨੁਖ ਇਹ ਕਹਿੰਦੇ ਹਨ। ਕਿ ਸਾਡੇ ਤੇ ਰਬ ਨੇ ਬੜਾ ਜ਼ੁਲਮ ਕੀਤਾ ਹੈ। ਐਸੇ ਮਨੁਖ ਗਲਤ ਸੋਚਦੇ ਹਨ। ਵਾਹਿਗੁਰੂ ਤਾਂ ਨਿਰਵੈਰ ਹੈ। ਅਸਲ ਵਿਚ ਉਹ ਆਪਣੇ ਕਰਮਾਂ ਦਾ ਫਲ ਲੇ ਰਹੇ ਹੁੰਦ ਹਨ। ਉਹ ਇਹ ਨਹੀਂ ਜਾਣਦੇ ਕਿ ਕਰਮਗਤੀ ਤੇ ਉਸਦੇ ਫਲ ਦਾ ਚਕਰ ਭਗਵਾਨ ਦੀ ਤਰਫੋਂ ਇਸ ਪ੍ਰਕਾਰ ਹੀ ਚਲਦਾ ਹੈ। ਉਹ ਮੰਦੇ ਕਰਮ ਕਰਨ ਵੇਲੇ ਇਹ ਤਾਂ ਨਹੀਂ ਸੋਚਦੇ ਕਿ ਇਨ੍ਹਾਂ ਦਾ ਫਲ ਵੀ ਇਹੋ ਜਿਹਾ ਹੀ ਹੋਵੇਗਾ। ਗੁਰਮਤਿ ਦੇ ਦਾਇਰੇ ਤੋਂ ਬਾਹਰ ਵਾਲੀਆਂ ਗਲਾਂ ਹੀ ਚੰਗੀਆਂ ਮੰਨ ਕੇ ਫੇਰ ਉਨਾਂ ਤੇ ਚਲਕੇ, ਆਪਣੇ ਆਪ ਨੂੰ ਆਪ ਹੀ ਮਕੜੀ ਦੀ ਤ੍ਰਹਾ ਦੁਖਾਂ ਤੇ ਭੁਲੇਖਿਆਂ ਦੇ ਜਾਲ ਵਿਚ ਫਸਾ ਲੈਂਦੇ ਹਨ।

ਕਈ ਮਨੁਖ ਐਸਾ ਵੀ ਸੋਚਦੇ ਹਨ ਕਿ ਉਸ ਦਾਤੇ ਦਾ ਹੁਕਮ ਹੋਵੇਗਾ ਉਦੋਂ ਹੀ ਫਲਾਨਾ ਫਲਾਨਾ ਕੰਮ ਹੋਵੇਗਾ। ਠੀਕ ਹੈ ਉਸਦਾ ਹੁਕਮ ਤਾਂ ਜ਼ਰੂਰ ਹੋਵੇਗਾ ਤਾਂ ਹੀ ਉਹ ਕੰਮ ਹੋਵੇਗਾ ਪਰ ਨਾਲ ਹੀ ਮਨੁਖ ਦੀ ਆਪਣੀ ਹਿੰਮਤ, ਇਰਾਦਾ ਤੇ ਉਪਰਾਲਾ ਵੀ ਹਰਕਤ ਵਿਚ ਆਉਣਾ ਜ਼ਰੂਰੀ ਹੈ। ਗੁਰੂ ਉਸਨੂੰ ਗਲਵਕੜੀ ਪਾ ਕੇ ਮਿਲਦਾ ਹੈ ਜੋ ਉਸਦੇ ਰਾਹ ਤੋਂ ਚਲ ਪਵੇ। ਸੋ ਆਤਮ-ਕ੍ਰਿਪਾ ਦੇ ਮਗਰੋਂ ਹੀ ਕੁਦਰਤ ਦੀਆਂ ਸਾਰੀਆਂ ਤਾਕਤਾਂ ਦਾ ਹਰਕਤ ਵਿਚ ਆਕੇ ਮਨੁਖ ਤੇ ਰਹਿਮਤ (ਬਖਸ਼ਿਸ) ਦਾ ਮੀਂਹ ਵਰਸਾਉਦੀਆਂ ਹਨ। "ਬਖਸ਼ਿਸ ਦਾ ਦਰ ਉਸ ਲਈ ਖੁਲ੍ਹਦਾ ਹੈ ਜੋ ਦਰਵਾਜਾ ਖਟਖਟਾਏ"। ਸੁਸਤ ਤੇ ਆਲਸੀ ਆਦਮੀ ਜਿਹੜੇ ਆਪਣੀ ਹਿੰਮਤ ਨੂੰ ਛਡਕੇ ਬਖਸ਼ਿਸ ਦੀ ਆਸ ਕਰਦੇ ਹਨ ਉਹ ਭੁਲੇਖੇ ਵਿਚ ਹਨ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਫਰ ਗੁਰੂ ਜੀ ਦੇ ਫ਼ੁਰਮਾਣ "ਇਕਿ ਜਾਗੰਦੇ ਨਾ ਲਹੰਨਿ. ਇਕਨਾ ਸੁਤਿਆ ਦੇਇ ਉਠਾਲਿ" ਦਾ ਕੀ ਮਤਲਬ ਹਇਆ ? ਖਿਆਲ ਕਰਨਾ ਕਦੀ ਕਦੀ ਉਹ ਦਾਤਾ ਜਦੋਂ ਤਰੁਠਦਾ ਹੈ, ਤਾਂ ਉਹ ਚੰਜੀ, ਐਸ ਅਨਭੋਲ ਤੇ ਅਨਜਾਣੇ ਮਨੁਖਾਂ ਦੀਆਂ ਝੋਲੀਆਂ ਬਖਸ਼ਿਸ ਨਾਲ ਭਰ ਦੇਂਦਾ ਹੈ ਕਿ ਦੇਖਣ



www.AKJ.Org

ਵਾਲੇ ਹੈਰਾਨ ਰਹਿ ਜਾਂਦੇ ਹਨ । ਉਨਾ ਦੇ ਦਿਲਾਂ ਦੇ ਸ਼ੀਸ਼ੇ ਸਾਫ ਹੁੰਦੇ ਹਨ । ਦਾਤਾ ਭਾਵਨਾ ਦਾ ਭੁਖਾ ਹੈ। ਅੰਦਰਲਾ ਸ਼ੁਧ ਤੇ ਬੇਲਾਗ ਹੋਣ ਕਰਕੇ ਐਸੇ ਮਨੁਖਾਂ ਤੇ ਬਖ਼ਸ਼ਿਸ ਹੁੰਦੀ ਹੈ ਪਰ ਐਸੇ ਭਾਗਵਾਨ ਮਨੁਖ ਹਜ਼ਾਰਾਂ ਤੇ ਲਖਾਂ ਵਿਚੋਂ ਵਿਰਲੇ ਹੀ ਹੁੰਦੇ ਹਨ । ਅਸਾਂ ਇਹ ਦੇਖਣਾ ਹੈ ਕਿ ਜਿਥੇ ਅਸੀ ਉਸਦੀ ਬਖਸ਼ਿਸ ਦੀ ਆਸ ਰਖੀ ਬੈਠੇ ਹਾਂ ਉਥੇ ਉਸਦੇ ਸਾਧਨ ਵੀ ਕਿਸੇ ਹਦ ਤਕ ਕਰਦੇ ਹਾਂ ਕਿ ਨਹੀਂ । ਇਹੀ ਫਰਕ ਇਕ "ਆਲਮ" (ਰਬ ਨੂੰ ਜਾਨਨ ਵਾਲਾ) ਤੇ "ਆਮਲ" (ਰਬ ਨੂੰ ਜਾਨਕੇ ਉਸ ਅਨਸਾਰ ਆਪਨਾ ਜੀਵਨ ਢਾਲਨ ਵਾਲਾ) ਵਿਚ ਹੁੰਦਾ ਹੈ । ਵਾਹਿਗੁਰੂ ਨੂੰ ਜਾਨਣਾ ਜ਼ਰੂਰੀ ਹੈ ਪਰ ਅਮਲ ਹੋਣਾਂ ਉਸਤੋਂ ਵੀ ਜ਼ਰੂਰੀ ਹੈ । ਵਾਹਿਗੁਰੂ ਨੂੰ ਜਾਨਣ ਵਾਲੇ ਤੋਂ ਉਸਤੋਂ ਡਰਨ ਵਾਲਾ ਅਗੇ ਹੁੰਦਾ ਹੈ ਉਸ ਦਾਤੇ ਦੀ ਬਖਸ਼ਿਸ ਲੈਣ ਦੇ ਕੁਝ ਤਰੀਕੇ ਹਨ ਜਿਨਾ ਨਾਲ ਉਸ ਦੀ ਬਖਸ਼ਿਸ ਦੇ ਹਕਦਾਰ ਬਣ ਸਕਦੇ ਹਾਂ ।

ਬਖਸ਼ਿਸ ਦੇ ਮੌਕੇ :- ਉਸਦੀ ਬਖਸ਼ਿਸ ਦਾ ਆਰੰਭ ਓਦੋਂ ਹੁੰਦਾ ਹੈ ਜਦੋਂ ਮਨੁਖ ਨੂੰ ਰਬ ਪਾਸੇ ਦੀਆਂ ਗਲਾਂ ਚੰਗੀਆਂ ਲਗਣੀਆਂ ਸ਼ੁਰੂ ਹੋਣ ਤੇ ਮੰਦੇ ਕੰਮ ਵਲੋਂ ਮਨ ਉਪਰਾਮਤਾ ਵਲ ਆਵੇ । ਐਸੇ ਕੰਮ ਕਰਨ ਤੋਂ ਪਹਿਲਾਂ ਮਨੁਖ ਦੇ ਅੰਦਰ ਦੀ ਆਵਾਜ਼ ਉਸਨੂੰ ਲਾਹਨਤ ਤੇ ਫਿਟਕਾਰ ਪਾਉਣਾ ਸ਼ੁਰੂ ਕਰੇ । ਕੂੜੀਆਂ ਠੀਸਾਂ ਤੇ ਫਜ਼ੂਲ ਦੀ ਬਕਬਕ ਕਰਨ ਤੇ ਸੁਨਣ ਤੋਂ ਮਨ ਘਿਰਨਾ ਕਰਨ ਲਗੇ । ਹਉਮੈ ਕਰਨ ਤੋਂ ਪਹਿਲਾਂ ਹੀ ਅੰਦਰਲੀ ਆਵਾਜ਼ ਦਾ ਸੂਚਕ-ਮਨ ਤੀਬ੍ਰਤਾ ਨਾਲ ਰੁਕਾਵਟ ਪਾਵੇ । ਹਉਮੈ ਕਰਨ ਤੋਂ ਮਗਰੋਂ ਵੀ ਜੇ ਉਹ ਪਛਤਾਵਾ ਕਰਲਵੇ ਤੇ ਨਾਲ ਹੀ ਐਸਾ ਦੋਬਾਰਾ ਕਰਨ ਤੋਂ ਤੋਬਾ ਕਰੇ ਤਾਂ ਫਿਰ ਗੁਰਵਾਕ ਅਨੁਸਾਰ "ਹਉਮੈ ਬੂਝੈ, ਤਾ ਦਰੁ ਸੂਝੈ" ਉਸਨੂੰ ਸਚਾ ਰਸਤਾ ਮਿਲੇਗਾ । ਤਾਂ ਸਮਝੋ ਉਸ ਉਤੇ ਅਕਾਲ-ਕ੍ਰਿਪਾ ਦਾ ਆਰੰਭ ਹੋ ਰਿਹਾ ਹੈ ।

ਬਖਸ਼ਿਸ ਦਾ ਇਹ ਵੀ ਮੌਕਾ ਹੈ ਜਦੋਂ ਕਿ ਮਨੁਖ ਨਿਸ਼ਕਾਮ ਹੋ ਕੇ ਕਿਸੇ ਮਦਦ ਦੇ ਹਕਦਾਰ ਦੀ ਮਦਦ ਕਰੇ । ਕਿਉਂ ਜ ਸਿਆਨਿਆਂ ਕਿਹਾ ਹੈ ਕਿ ਜ ਅਸੀ ਦੂਜਿਆਂ ਕੋਲੋਂ ਹਮਦਰਦੀ ਦੀ ਉਮੀਦ ਕਰਦੇ ਹਾਂ ਤਾਂ ਸਾਨੂੰ ਪਹਿਲੋਂ ਦੂਜਿਆਂ ਨਾਲ ਹਮਦਰਦੀ ਕਰਨਾ ਸਿਖਣਾ ਚਾਹੀਦਾ ਹੈ ਸੋ ਜਿਸ ਵੇਲੇ ਮਨੁਖ ਦੀ ਆਤਮਾ 'ਦ੍ਰਵਨਾ' ਸ਼ੁਰੂ ਕਰੇ ਉਸ ਸਮੇ ਰਬੀ ਬਖਸ਼ਿਸ ਉਸ ਮਨੁਖ ਤੇ ਵਸਣੀ ਸ਼ੁਰੂ ਹੋ ਜਾਂਦੀ ਹੈ ।

ਸਚਾਈ, ਪਰਉਪਕਾਰ, ਤਿਆਗ ਅਤੇ ਨਿਮ੍ਰਤਾ ਜੈਸੇ ਸ਼ੁਭ ਗੁਣਾਂ ਦਾ ਮਨੁਖ ਦੇ ਅੰਦਰ ਆਉਣਾ ਹੀ ਉਸ ਦਾਤੇ ਦੀ ਬਖਸ਼ਿਸ ਦੇ ਆਉਣ ਦਾ ਸਬੂਤ ਹੈ ।

ਹੁਣ ਜਰਾ ਗੁਰਮਤਿ ਵਲ ਹੋਰ ਵਧਕੇ ਸੋਚੀਏ । ਗੁਰਬਾਣੀ ਸੁਣ ਕੇ ਅੰਦਰ ਹੀ ਅੰਦਰ ਵਿਚ ਖਿਚ, ਵੈਰਾਗ ਜਿਹਾ ਮਹਸੂਸ ਕਪਨਾ ਹੀ ਉਸਦੀ ਬਖਸ਼ਿਸ ਦਾ ਸਬੂਤ ਹੈ । ਕਈ ਮਨੁਖ ਆਪਣੇ ਦਿਲ ਦੀ ਪਟੀ ਜ਼ਿਆਦਾ ਰਖਣ ਕਰਕੇ ਗੁਰਬਾਣੀ ਦੇ ਅਨੀਆਲੇ ਤੀਰਾਂ ਨਾਲ ਛੇਤੀ ਮਨ-ਦ੍ਰਵਤਾ ਦੀ ਹਾਲਤ ਤੇ ਆਕੇ ਰੋਣਾਂ ਸ਼ੁਰੂ ਕਰ ਦੇਂਦੇ ਹਨ । ਰੋਣਾ ਦੋ ਕਿਸਮ ਦਾ ਹੁੰਦਾ ਹੈ । ਪਾਖੰਡ ਦੇ ਦਾਇਰੇ ਵਿਚ ਆਕੇ ਰੋਣਾ ਉਸ "ਸੁਜਾਨ" ਨੂੰ ਭਰਮਾ ਨਹੀ ਸਕਦਾ । ਇਹ ਦਿਖਾਵਾ ਹੈ । ਜੇ ਮਨ ਦੇ ਅੰਦਰਲੇ ਕੋਨੇ ਤੋਂ ਗੁਰਬਾਣੀ



www.AKJ.Org

ਨਾਲ ਪ੍ਰਭਾਵਤ ਹੋ ਕੇ ਰੋਣਾਂ ਨਿਕਲੇ, ਉਹ ਹੀ ਦਾਤੇ ਦੀ ਅਪਾਰ ਕ੍ਰਿਪਾ ਦਾ ਨਿਸ਼ਾਨ ਹੈ।

ਕੁਝ ਕੁ ਸਮੇਂ ਐਸੇ ਹੁੰਦੇ ਹਨ ਜਿਨਾਂ ਨੂੰ ਅਸੀ ਪੂਰਨ ਆਪਾ-ਖੋਜ ਦੇ ਸਮੇਂ ਆਖਦੇ ਹਾਂ। ਇਹ ਉਚੀਆਂ ਬਿਰਤੀਆਂ ਵਾਲਿਆਂ ਉਤੇ ਆਉਂਦੇ ਹਨ ਪਰ ਕਦੀ ਕਦੀ ਐਸ ਸਮੇਂ ਮਧਯਮ ਬ੍ਰਿਤੀ ਵਾਲੀਆਂ ਤੇ ਵੀ ਆਉਂਦੇ ਹਨ। ਇਹ ਸਮੇਂ ਖਾਣ ਪੀਣ ਵੇਲੇ ਸਵਾਦ ਦੀ ਪਹਚਾਨ ਦੇ ਬਾਰੇ ਹੁੰਦੇ ਹਨ। ਇਸ ਸਮੇਂ ਖਾਣ ਵਾਲੇ ਨੂੰ ਸਵਾਦ ਦਾ ਕੁਝ ਵੀ ਗਿਆਨ ਨਹੀਂ ਹੁੰਦਾ। ਤੇ ਪੂਰਨ ਰੂਪ ਤੇ ਉਸ ਨੂੰ ਸਵਾਦੀ ਤੇ ਬਸਵਾਦੀ ਚੀਜ਼ ਵਿਚ ਕੋਈ ਫਰਕ ਪਤਾ ਨਹੀਂ ਲਗਦਾ। ਜਿਵੇਂ ਕਿ ਕਈ ਸਾਧੂ-ਸੁਭਾਅ ਮਨੁਖਾਂ ਦੇ ਖਾਣ ਪੀਣ ਤੇ ਵਿਵਹਾਰ ਤੋਂ ਪਤਾ ਲਗਦਾ ਹੈ।ਐਸੇਂ, ਸਮੇਂ ਚੀਜਾਂ ਦੀ ਜ਼ਰੂਰਤ ਤੇ ਗਰਮੀ ਸਰਦੀ ਦਾ ਅਸਰ ਅਨੁਭਵ ਕਰਨ ਵਲੇ ਅਤੇ ਬਿਰਤੀ ਦੇ ਸੂਖਸ਼ਮ ਵਿਵਹਾਰਾਂ ਦੇ ਸਮੇਂ ਵੀ ਹੁੰਦੇ ਹਨ। ਐਸੇ ਸਮਿਆਂ ਤੇ ਮਨੁਖ ਦੇ ਵਿਵਹਾਰ ਤੋਂ ਸਾਫ ਪਤਾ ਚਲ ਜਾਂਦਾ ਹੈ ਕਿ ਇਹ ਚੜ੍ਹਦੀ-ਕਲਾ ਦਾ ਸਿਖ ਹੈ ਕਿ ਨਹੀਂ। ਤਾਂ ਫੇਰ ਹੀ ਕਿਹਾ ਜਾ ਸਕਦਾ ਹੈ ਕਿ ਚੜ੍ਹਦੀ-ਕਲਾ ਹੋਣ ਕਰਕੇ ਇਸ ਤੇ ਭਾਰੀ ਬਖਸ਼ਿਸ ਹੈ। ਵੈਸੇ ਤਾਂ ਮਨੁਖਾਂ ਦੇ ਵਿਵਹਾਰ ਹੀ ਉਸਦੀ ਬਖਸ਼ਿਸ਼ ਦਾ ਨਿਸ਼ਾਨ ਹਨ ਪਰ ਜ਼ਰਾ ਅਗੇ ਵਧ ਕੇ ਵੇਖੀਏ ਤਾਂ ਉਹਨਾਂ ਦੀ ਬੋਲ ਚਾਲ ਵਿਚ ਮਿਠਾਸ ਹੋਣਾ ਹੀ ਉਨਾ ਉਤੇ ਇਕ ਭਾਰੀ ਬਖਸ਼ਿਸ ਹੈ।

ਬਹੁਤ ਸਾਰੇ ਮਨੁਖ ਦੇਰ ਤਕ ਚੰਗੇ ਤੇ ਬੁਰੇ ਮਨੁਖਾਂ ਦੀ (ਖਾਸ ਕਰਕੇ ਬੁਰਿਆਂ ਦੀ) ਟੀਕਾ ਟਿਪਣੀ ਕਰਦੇ ਰਹਿੰਦੇ ਹਨ ਤੇ ਇਸ ਆਦਤ ਨੂੰ ਬਹੁਤ ਪਕਾ ਜਫਾ ਮਾਰੀ ਬੈਠੇ ਰਹਿੰਦੇ ਹਨ। ਉਹ ਆਪਣੇ ਪੂਜਾ, ਪਾਠ ਵਲੇ ਤਾਂ ਭਾਵੇਂ ਪੂਰਨ ਸਾਵਧਾਨੀ ਤੇ ਸ਼ਰਧਾ ਦਾ ਇਸਤੇਮਾਲ ਕਰਨ ਪਰ ਇਹ ਝਸ ਉਨਾਂ ਦਾ ਬਹੁਤ ਦੇਰ ਤਕ ਪਿਛਾ ਨਹੀਂ ਛਡਦਾ। ਐਸੇ ਮਨੁਖ ਗੁਰਮਤਿ ਦੇ ਦਾਇਰੇ ਵਿਚ ਆਕੇ ਵੀ ਚੋਣ ਵਾਲ ਪੀਪੇ ਵਾਂਗੂੰ ਆਪਣੀ ਸ਼ੁਧ ਕਮਾਈ ਦੇ ਅਸਰ ਨੂੰ ਟੀਕਾ ਟਿਪਨੀ ਦੀ ਆਦਤ ਕਰਕੇ ਘਾਟੇ ਵਿਚ ਹੀ ਰਖਦੇ ਹਨ। ਇਹ ਘਾਟਾ ਉਹ ਆਪ ਤਾਂ ਮਹਸੂਸ ਹੀ ਨਹੀਂ ਕਰਦੇ। ਆਮ ਤੌਰ ਤੇ ਇਹ ਕਹਿ ਕੇ ਗਲ ਸ਼ੁਰੂ ਕਰਦੇ ਹਨ ਕਿ "ਨਿੰਦਾ ਤੇ ਕਿਸ ਦੀ ਕਰਨੀ ਨਹੀਂ ਚਾਹੀਦੀ, ਅਸਾਂ ਵੀ ਰਬ ਨੂੰ ਜਾਣ ਦੇਣੀ ਏ, ਪਰ...... " ਨਾਲੇ ਤੇ ਉਹ ਨਿੰਦਾ ਕਰਨਾ ਬੁਰਾ ਵੀ ਸਮਝਦੇ ਹਨ ਤੇ ਨਾਲੇ ਨਿੰਦਾ ਕਰਦੇ ਵੀ ਜਾਂਦੇ ਹਨ। ਐਸੇ ਮਨੁਖ ਦਾਤੇ ਦੀ ਬਖਸ਼ਿਸ ਦੀ ਵਡੀ ਆਸ ਰਖਦਿਆਂ ਹੋਇਆਂ ਵੀ ਬਖਸ਼ਿਸ ਦੀ ਠੀਕ ਪ੍ਰਾਪਤੀ ਤੋਂ ਦੂਰ ਹੀ ਰਹਿੰਦੇ ਹਨ। ਪਰ ਉਨਾਂ ਲਈ ਵੀ ਕੋਈ ਨ ਕੋਈ ਸਮਾਂ ਅਜੇਹਾ ਵੀ ਆ ਜਾਂਦਾ ਹੈ ਜਦੋਂ ਕਿ ਉਹ ਇਕ-ਦਮ (ਗੁਰੂ ਕ੍ਰਿਪਾ ਨਾਲ) ਇਸ ਆਦਤ ਵਿਚੋਂ ਨਿਕਲ ਜਾਦੇ ਹਨ ਤੇ ਮਨ ਵਿਚ ਐਸੀ ਟੀਕ-ਟਿਪਨੀ ਤੋਂ ਉਪਰਾਮਤਾ ਮਹਸੂਸ ਕਰਨ ਲਗਦੇ ਹਨ। ਇਹ ਹੈ ਉਨਾਂ ਤੇ ਬਖਸ਼ਿਸ ਦਾ ਠੀਕ ਸਮਾਂ। ਇਸ ਵੇਲੇ ਉਨਾਂ ਨੂੰ ਸ਼ੁਕਰਾਨੇ ਵਜੋਂ ਖੰਡਾ ਖੜਕਾਉਣਾ ਚਾਹੀਦਾ ਹੈ ਭਾਵ ਗੁਰਮੰਤਰ ਦਾ ਹੜ੍ਹ ਚਲਾਉਣਾ ਚਾਹੀਦਾ ਹੈ ਜਿਸ ਵਿਚ ਐਸੇ ਭੇੜੇ ਵਿਕਾਰ ਰੁੜ੍ਹ ਜਾਨ ਤੇ ਮਨ ਨਿਰਮਲ ਹੋ ਜ਼ਾਵੇ।

ਗੁਰਬਾਣੀ ਰਾਹੀਂ ਸਿਖਿਆ ਸੁਣਕੇ ਉਸ ਤੇ ਚਲਣ ਦਾ ਚਾਅ ਮਹਸੂਸ ਕਰਨਾ ਤੇ ਫੇਰ ਉਸ



www.AKJ.Org

ਚਾਅ ਨੂੰ ਸ਼ੀਘਰ ਪੂਰਾ ਕਰਨ ਦਾ ਉਪਰਾਲਾ ਕਰਨ ਲਈ ਤੱਤਪਰ ਰਹਿਣਾ ਹੀ ਸਿਖ ਤੇ ਗੁਰੂ ਦੀ ਅਪਾਰ ਬਖਸ਼ਿਸ ਦਾ ਪ੍ਰਮਾਨ ਹੈ। ਗੁਰਬਾਣੀ ਨਾਲ ਪਿਆਰ, ਉਸਦਾ ਆਦਰ ਤੇ ਸਤਿਕਾਰ, ਤੇ ਉਸ ਨੂੰ ਯਾਦ ਕਰਨ ਦਾ ਚਾਅ, ਇਹ ਸਭ ਦਾਤੇ ਦੀ ਬਖਸ਼ਿਸ ਦੇ ਸਬੂਤ ਹਨ। ਗੁਰਸਿਖਾਂ ਦੀ ਸੇਵਾ ਦਾ ਚਾਅ, ਗੁਰਸਿਖਾਂ ਨਾਲ ਮੇਲ ਮਿਲਾਪ (ਗੁਰਮਤਿ ਪ੍ਰਾਪਤੀ ਲਈ) ਰਖਣਾ, ਗੁਰਪੁਰਬ ਦੀ ਮਹੱਤਤਾ ਸਮਝਣਾ, ਆਪਣੇ ਵਿਵਹਾਰ ਵਿਚ ਗੁਰਮਤਿ ਦਾ ਆਸਰਾ ਢੂੰਡਣਾਂ, ਇਹ ਸਭ ਐਸੀਆਂ ਨਿਸ਼ਾਨੀਆਂ ਹਨ ਜਿਹੜੀਆਂ ਕਿ ਉਸ ਦਾਤੇ ਦੀ ਬਖਸ਼ਿਸ ਮਨੁਖ ਤੇ ਹੋਈ ਹੋਈ ਦਸਦੀਆਂ ਹਨ।

ਸਾਧ ਸੰਗਤਿ ਵਿਚ ਬੈਠਿਆਂ ਹੋਇਆਂ ਜੇ ਮਨ ਬਾਹਰ ਦੌੜੇ ਤਾਂ ਉਸਨੂੰ ਸਮਝਾਉ ਕਿ ਇਸ ਤੋਂ ਹੋਰ ਕੇਹੜੀ ਵਡੀ ਥਾਂ ਤੇ ਜਾ ਕੇ ਤੂੰ ਸ਼ਾਂਤ ਹੋਣਾ ਹੈ। ਜੇ ਮਨ ਫੇਰ ਵੀ ਨ ਮੰਨੇ ਤਾਂ ਇਸ ਅੜਿਅਲ ਘੋੜੇ ਨੂੰ ਜ਼ਬਰ-ਦਸਤੀ ਹੀ ਸਾਧ ਸੰਗਤ ਵਿਚ ਕੁਝ ਚਿਰ ਬੈਠਨ ਦੀ ਆਦਤ ਪਾਓ। ਗੁਰੂ ਕ੍ਰਿਪਾ ਜ਼ਰੂਰ ਹੋਵੇਗੀ। ਉਸਦਾ ਬਖਸ਼ਿਸ਼ ਦਾ ਦਰ ਖੁਲ੍ਹੇਗਾਂ ਤੇ ਉਹੀ ਅੜੀਅਲ ਮਨ ਆਪਣੇ ਆਪ ਕਾਬੂ ਆ ਜਾਏਗਾ। ਅਸਾਂ ਇਸ ਨੂੰ ਪੁਚਕਾਰ ਕੇ ਤੇ ਕਦੀ ਕਦੀ ਜਬਰਦਸਤੀ ਵੀ ਵਰਤ ਕੇ ਇਸ ਨੂੰ ਸਿਧੇ ਰਸਤੇ ਤੇ ਚਲਾਉਣਾ ਹੈ। ਇਸ ਦਾ ਸਿਧ ਰਸਤੇ ਤੇ ਚਲ ਪੈਣਾ ਹੀ ਦਾਤੇ ਦੀ ਸਭ ਤੋਂ ਵਡੀ ਬਖਸ਼ਿਸ਼ ਹੈ।

ਮੁਕਦੀ ਗਲ ਕੀ ? ਇਸ ਬਖਸ਼ਿਸ਼ ਦੇ ਮੌਕਿਆਂ ਨੂੰ ਸਮਝਣ ਲਈ ਪਾਲਸ਼ ਹੋਈ ਬੁਧੀ ਦਾ ਹੋਣਾ ਜ਼ਰੂਰੀ ਹੈ। ਜਿਸ ਵਾਸਤੇ ਖਾਲਸਾ ਜੀ ਅਰਦਾਸੇ ਵਿਚ ਵੀ ਦਾਤੇ ਅਗੇ ਬੇਨਤੀ ਕਰਦੇ ਹਨ।

---

## ਵਰ ਦੀ ਲੋੜ

ਸਤੰਬਰ ਦੇ ਸੂਰੇ ਦੇ 40 ਪੰਨੇ ਤੇ ਵਰ ਦੀ ਲੋੜ ਦਾ ਇਸ਼ਤਿਹਾਰ ਜਿਨ੍ਹਾਂ ਨੇ ਕਢਿਆ ਹੈ ਉਹ ਕਿਰਪਾ ਕਰਕੇ ਐਡੀਟਰ ਸੂਰਾ ਨਾਲ ਖਤੋ ਖਤਾਬਤ ਕਰਨਾ। ਉਨ੍ਹਾਂ ਦੇ ਇਸ਼ਤਿਹਾਰ ਦੇ ਜਵਾਬ ਵਿਚ ਕਈ ਚਿਠੀਆਂ ਆਈਆਂ ਹਨ।



www.AKJ.Org

# ਗੁਰੂ–ਮਾਰੀ ਸਰਹਿੰਦ

( ਭਾਈ ਸੇਵਾ ਸਿੰਘ ਸੇਵਕ ਤਰਨ ਤਾਰਨ )

ਨਵਾਬ ਕਪੂਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਮਾਲਵੇ ਵਿਚ ਪੁੱਜਣ ਦੀ ਖਬਰ ਸੁਣ ਕੇ ਬਾਬਾ ਆਲਾ ਸਿਘ ਨੇ ਉਹਨਾਂ ਨੂੰ ਬੜੇ ਸਤਿਕਾਰ ਨਾਲ 'ਜੀ ਆਇਆਂ' ਆਖਿਆ ਅਤੇ ਠੀਕਰੀ ਵਾਲੇ ਉਤਾਰਾ ਕਰਵਾਇਆ। ਲੰਗਰ ਵਾਸਤੇ ਖੁਲੀਆਂ ਰਸਦਾਂ ਭੇਜ ਦਿਤੀਆਂ। ਬਹੁਤ ਸਾਰਾ ਦਸਵੰਧ ਜਮਾ ਹੋਇਆ ਸੀ, ਜੋ ਪੰਥ ਦੇ ਕਮਾਂ ਲਈ ਖਰਚ ਕਰਨ ਵਾਸਤੇ ਕਪੂਰ ਸਿੰਘ ਦੇ ਹਵਾਲੇ ਕੀਤਾ ਗਿਆ। ਭਾਦਰੋਂ ਦੀ ਸੰਗ੍ਰਾਂਦ ਵਾਲੇ ਦਿਨ ਸਤੰਬਰ 1736 ਈਸਵੀ ਨੂੰ ਬਾਬਾ ਆਲਾ ਸਿੰਘ ਨੇ ਆਪਣੇ ਸ਼ਾਹੀ ਮਹੱਲ ਵਿਚ ਅਖੰਡ ਪਾਠ ਦਾ ਭੋਗ ਪਵਾਇਆ ਤੇ ਕਪੂਰ ਸਿੰਘ ਦੇ ਹਥੋਂ ਅੰਮ੍ਰਿਤ ਪਾਨ ਕੀਤਾ। ਹਜ਼ਾਰਾਂ ਰੁਪਿਆਂ ਦੇ ਸ਼ਸਤਰ, ਬਸਤਰ, ਘੋੜੇ, ਭਾਂਤ ਭਾਂਤ ਦੇ ਰਗਾਂ ਦੇ ਖੇਸ, ਲੁੰਗੀਆਂ ਅਤੇ ਰੇਸ਼ਮੀ ਦੁਸ਼ਾਲੇ ਜਥੇ ਦੀ ਭੇਟ ਕੀਤੇ। ਇਸ ਖੁਸ਼ੀ ਵਿਚ ਬਾਬਾ ਆਲਾ ਸਿੰਘ ਨੇ ਠੀਕਰੀ ਵਾਲੇ ਨਵਾਬ ਕਪੂਰ ਸਿੰਘ ਦੇ ਅਸਥਾਨ ਤੇ ਸਦੀਵੀ ਯਾਦਗਾਰ ਕਾਇਮ ਕਰਨ ਲਈ ਇਕ ਖੂਹ ਲਵਾਇਆ ਜੋ ਹੁਣ ਤਕ ਕਾਇਮ ਹੈ। ਅੰਮ੍ਰਿਤ ਪਾਨ ਉਪਰੰਤ ਨਵਾਬ ਕਪੂਰ ਸਿੰਘ ਦੇ ਬੁਢੇ ਦਲ ਦੀ ਸਹਾਇਤਾ ਨਾਲ ਆਲਾ ਸਿੰਘ ਰਿਆਸਤ ਪਟਿਆਲੇ ਦੇ ਨਾਲ ਲਗਵੇਂ ਮੁਸਲਿਮ ਰਈਸਾਂ ਦੇ ਇਲਾਕੇ ਆਪਣੇ ਤਹਿਤ ਵਿਚ ਲੈ ਆਦੇ। ਇਹ ਰਈਸ ਪਟਿਆਲਾ ਰਿਆਸਤ ਦਾ ਅਮਨ ਭੰਗ ਕਰਦੇ ਤੇ ਲੁੱਟ ਮਾਰ ਕਰਦੇ ਰਹਿੰਦੇ ਸਨ। ਫਿਰ ਬਾਬਾ ਆਲਾ ਸਿੰਘ ਦੇ ਕਹਿਣ ਉਤੇ ਸਿਰਹੰਦ ਦੀ ਨਿਰਦਈ ਹਕੂਮਤ ਨੂੰ ਸੋਧਣ ਦਾ ਪ੍ਰੋਗਰਾਮ ਬਣਾ ਲਿਆ ਗਿਆ।

ਭਾਰਤ ਦੇ ਮੁਸਲਿਮ ਇਤਿਹਾਸ ਵਿਚ ਸਿਰਹੰਦ ਸ਼ਹਿਰ ਵਿਸ਼ੇਸ਼ ਮਹਾਨਤਾ ਰਖਦਾ ਸੀ ਫੀਰੋਜ਼ ਸ਼ਾਹ ਤੁਗਲਕ ਨੇ ਇਸ ਨੂੰ ਬੜੀ ਰੌਣਕ ਦਿਤੀ। ਮੁਗਲ ਰਾਜ ਸਮੇਂ ਵੀ ਅਕਬਰ ਵਰਗੇ ਮਸ਼ਹੂਰ ਸ਼ਹਿਨਸ਼ਾਹ ਗਰਮੀਆਂ ਵਿਚ ਕਸ਼ਮੀਰੋਂ ਮੁੜਦੇ ਹੋਏ ਇਥੇ ਠਹਿਰਦੇ ਹੁੰਦੇ ਸਨ। ਇਹ ਇਕ ਵਖਰਾ ਸੂਬਾ ਹੁੰਦਾ ਸੀ ਅਤੇ ਇਸ ਦੇ ਅਧੀਨ 22 ਪਰਗਨੇ ਹੁੰਦੇ ਸਨ। ਇਥੇ ਹੀ ਵਜ਼ੀਰ ਖਾਨ ਨੇ ਸ੍ਰੀ ਕਲਗੀਧਰ ਜੀ ਦੇ ਸਾਹਿਬਜ਼ਾਦੇ ਨੀਹਾਂ ਵਿਚ ਚਿਣਵਾਏ ਸਨ, ਉਸ ਦਿਨ ਤੋਂ ਪਿਛੋਂ, ਸਿੰਘ ਸਿਰਹੰਦ ਨੂੰ 'ਗੁਰੂ ਮਾਰੀ ਸਿਰਹੰਦ' ਕਹਿਣ ਲਗ ਪਏ ਸਨ ਹਰੇਕ ਸਿੰਘ ਨੂੰ ਇਸ ਟਿਕਾਣੇ ਤੋਂ ਇਤਨੀ ਘਿਰਨਾ ਸੀ ਕਿ ਜਦ ਵੀ ਖਾਲਸੇ ਦਾ ਕੋਈ ਜਥਾ ਇਸ ਦੇ ਆਸੇ ਪਾਸੇ ਤੋਂ ਗੁਜ਼ਰਦਾ ਅਤ



www.AKJ.Org

ਸਿਰਹੰਦ ਦਾ ਨਾਮ ਸੁਣਦਾ ਤਾਂ ਸਿੰਘਾਂ ਦੇ ਚਿਹਿਰੇ ਗੁੱਸੇ ਤੇ ਰੋਹ ਲਾਲ ਲਾਲ ਹੋ ਜਾਂਦੇ। ਉਹਨਾਂ ਦੀਆਂ ਭਵਾਂ ਤਣ ਜਾਂਦੀਆਂ। ਉਹ ਆਪਣਾ ਰਾਹ ਛਡ ਦਿੰਦੇ ਤੇ ਸਿਰਹੰਦ ਵਲ ਮੂੰਹ ਕਰ ਲੈਂਦੇ। ਉਹ ਜ਼ਖਮੀ ਸ਼ੇਰ ਵਾਗੂੰ ਸਿਰਹੰਦ ਦੇ ਖੋਲਿਆਂ ਉਤੇ ਫੁੱਟ ਪੈਂਦੇ ਤੇ ਉਸ ਦੀਆਂ ਰਹਿੰਦੀਆਂ ਖੂੰਦੀਆਂ ਇਟਾਂ ਪੁੱਟ ਕੇ ਨਾਲ ਵਗਦੀ ਨਦੀ ਵਿਚ ਸੁਟਦੇ ਤੇ ਇਉ ਆਪਣਾ ਗੁੱਸਾ ਮੱਠਾ ਕਰਦੇ। ਇਸ ਤਰ੍ਹਾਂ ਗੁਰੂ ਮਾਰੀ ਸਿਰਹੰਦ ਨੂੰ ਥੋਹੜੇ ਥੋਹੜੇ ਵਖਫੇ ਪਿਛੋਂ ਮਾਰ ਪੈਂਦੀ ਰਹਿੰਦੀ।

1710 ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਇਸੇ ਸਿਰਹੰਦ ਦੀ ਇੱਟ ਨਾਲ ਇੱਟ ਖੜਕਾਈ ਸੀ ਤੇ ਚੁਬਲਦਾ ਸੁਹਾਗਾ ਫੇਰਿਆ ਸੀ। ਹੁਣ ਸਿਰਹੰਦ ਉਤੇ ਨਵਾਬ ਕਪੂਰ ਸਿੰਘ ਦੇ ਹੁਕਮ ਨਾਲ ਖਾਲਸਾ ਦਲ ਤੁੱਟ ਪਿਆ। ਤੁਰਕੀ ਫੌਜ ਮੈਂਦਾਨ ਛੱਡ ਕੇ ਭੱਜ ਗਈ ਤੇ ਖਾਲਸਾ ਦਲ 'ਵਿਜ਼ ਦਾ ਵੰਡਾ ਲੈ ਕੇ ਸ਼ਾਹੀ ਖਜਾਨੇ ਉਤੇ ਜਾ ਪਿਆ। ਲੱਖਾਂ ਰੁਪੇ ਜੋ ਦਿੱਲੀ ਭੇਜਣ ਲਈ ਤਿਆਰ ਕੀਤੇ ਸਨ, ਲੁੱਟ ਲਏ ਗਏ। ਇਸ ਤੋਂ ਪਿਛੋਂ ਨਿਰਦਈ ਹਾਕਮ ਤੇ ਅਮੀਰ ਜ਼ਿਨ੍ਹਾਂ ਨੇ ਗਰੀਬਾਂ ਉਤੇ ਅਤਿਆਚਾਰ ਕਰਕੇ ਆਪਣੇ ਖਜ਼ਾਨੇ ਭਰੇ ਹੋਏ ਸਨ, ਲੁੱਟ ਲਏ ਗਏ। ਬਹੁਤ ਸਾਰ ਚੰਗੇ ਘੋੜੇ ਤੇ ਹਥਿਆਰ ਖਾਲਸੇ ਦੇ ਹੱਥ ਲਗੇ। ਕਈ ਦਿਨ ਉਥੇ ਠਹਿਰਨ ਤੋਂ ਬਾਅਦ ਖਾਲਸਾ ਦਲ ਨੇ ਸਿਰਹੰਦ ਦਾ ਰਾਜ ਬਾਬਾ ਆਲਾ ਸਿੰਘ ਦੇ ਸਪੁਰਦ ਕਰ ਕੇ ਕੂਚ ਕਰ ਦਿਤਾ।

ਸਿਰਹੰਦ ਤੋਂ ਚੱਲ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਬੁੱਢੇ ਦਲ ਨੇ ਦਰਿਆ ਬਿਆਸ ਪਾਰ ਕਰਕੇ ਸ੍ਰੀ ਗੋਇੰਦਵਾਲ ਤੇ ਸ੍ਰੀ ਤਰਨ ਤਾਰਨ ਦੇ ਇਸ਼ਨਾਨ ਕਰਕੇ ਬਾਸਰਕੇ ਬੀੜ ਵਿਚ ਜਾ ਡੇਰਾ ਲਾਇਆ। ਬੁਢੇ ਦਲ ਨੂੰ ਬੀੜ ਵਿਚ ਟਿਕਿਆ ਅਜੇ ਦੋ ਹੀ ਦਿਨ ਹੋਏ ਸਨ ਕਿ ਲਾਹੌਰ ਦੀ ਸ਼ਾਹੀ ਫੌਜ ਨੇ ਸੱਤ ਹਜ਼ਾਰ ਦੀ ਗਿਣਤੀ ਨਾਲ ਬੀੜ ਦਾ ਘੇਰਾ ਘੱਤ ਲਿਆ। ਖ਼ਾਨ ਬਹਾਦਰ ਨੂੰ ਸਿਰਹੰਦ ਦੇ ਉਜਾੜੇ ਦਾ ਦੁੱਖ ਸੀ। ਉਸ ਨੂੰ ਵੀ ਪਤਾ ਲਗ ਗਿਆ ਸੀ ਕਿ ਸਰਹੰਦ ਦਾ ਖ਼ਜਾਨਾ ਅਜੇ ਖਾਲਸੇ ਦੇ ਪਾਸ ਉਸੇ ਤਰ੍ਹਾਂ ਪਿਆ ਹੈ। ਸ਼ਾਹੀ ਫੌਜ ਦੀ ਅਗਵਾਈ ਕਰਨ ਲਈ ਹੈਬਤ ਖਾਂ, ਦੀਵਾਨ ਲਖਪਤ ਰਾਏ, ਸਲਾਬਤ ਖਾਂ ਅਤੇ ਕੁਤਬਦੀਨ ਖਾਨ ਆਦਿ ਜਰਨਲ ਮੁਕੱਰਰ ਕੀਤੇ ਗਏ। ਸੱਤ ਹਜ਼ਾਰ ਦੀ ਗਿਣਤੀ ਨੇ ਖਾਲਸੇ ਨੂੰ ਸਜੇ ਖਬੇ ਤੋਂ ਘਰ ਲਿਆ। ਫੌਜ ਦੇ ਪਹੁੰਚਣ ਸਾਰ ਕਪੂਰ ਸਿੰਘ ਨੇ ਬੁੱਢਾ ਦਲ ਦੇ ਦੋ ਹਿਸੇ ਕਰ ਦਿਤੇ। ਅੱਧੇ ਸਿੰਘ ਤਾਂ ਡਟ ਕੇ ਟਾਕਰਾ ਕਰਦੇ ਰਹੇ। ਤੇ ਅਧੇ ਰਾਤ ਦੇ ਅਨ੍ਹੇਰੇ ਵਿਚ ਖਜ਼ਾਨਾ ਸਮੇਟ ਕੇ ਨਿਯਤ ਕੀਤੀ ਥਾਂ ਪਰ ਲੈ ਗਏ। ਖਜ਼ਾਨੇ ਨੂੰ ਲੈ ਜਾਣ ਦਾ ਕੰਮ ਜੱਸਾ ਸਿੰਘ ਆਹਲੂਵਾਲੀਏ ਨੇ ਕੀਤਾ। ਨਵਾਬ ਕਪੂਰ ਸਿੰਘ ਨੇ ਅੱਧੀ ਰਾਤ ਤਕ ਵੈਰੀ ਨੂੰ ਚੰਗੀ ਤਰ੍ਹਾਂ ਰੁਝੇਵੇਂ ਵਿਚ ਰਖਿਆ ਜਦ ਉਨ੍ਹਾ ਸਮਝਿਆ ਕਿ ਹੁਣ ਖਜ਼ਾਨਾ ਕਾਫੀ ਦੂਰ ਚਲਾ ਗਿਆ ਹੋਵੇਗਾ ਤਾਂ ਹੋਲੀ ਹੋਲੀ ਖਾਲਸੇ ਨੇ ਯੁੱਧ ਨੀਤੀ ਅਨੁਸਾਰ ਪਿਛਾਂਹ ਹਟਣਾ ਸ਼ੁਰੂ ਕਰ ਦਿਤਾ। ਵੈਰੀ ਅਗਾਂਹ ਵਧ ਕੇ ਹਮਲਾ ਕਰਦਾ ਤੇ ਉਨ੍ਹਾਂ ਨੂੰ ਮੂੰਹ ਦੀ ਖਾਣੀ ਪੈਂਦੀ। ਇਸ ਯੁੱਧ ਵਿਚ ਸਲਾਬਤ ਖਾਂ, ਕੁਤਬਦੀਨ ਖਾਂ ਤੇ ਅਬਦੁਲ ਸੱਯਦ ਦਾ ਜਵਾਈ ਮਾਰੇ ਗਏ। ਇਨ੍ਹਾਂ ਜਰਨੈਲਾਂ ਦੀ ਮੌਤ ਹੋਣ ਨਾਲ ਸ਼ਾਹੀ ਫੌਜ ਬੇ-ਹੌਂਸਲਾ ਹੋ ਕੇ ਮੈਦਾਨ ਵਿਚੋਂ ਖਿਸਕਣ ਲਗੀ ਤੇ ਖਾਲਸਾ ਭੀ ਤਿੱਤਰ



www.AKJ.Org

ਬਿੱਤਰ ਹ ਗਇਆ।

ਗੁਰੂ ਜੀ ਦੇ ਸਾਹਿਬਜ਼ਾਇਦਆਂ ਨੂੰ ਸ਼ਹੀਦ ਕਰਨ ਵਾਲਿਆਂ ਦੀ ਸਰਹੰਦ ਤਾਂ ਖੋਲੇ ਖੋਲੇ ਹੋ ਗਈ ਪਰ ਸਾਹਿਬਜ਼ਾਇਦਆਂ ਦੀ ਯਾਦ ਵਿਚ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਝੂਲਦੇ ਨਿਸ਼ਾਨ ਸਾਹਿਬ ਮੀਲਾ ਤੋਂ ਦਿਖਾਈ ਦੇ ਰਹੇ ਹਨ।

—o—

---

ੴ ਸਤਿਗੁਰ ਪ੍ਰਸਾਦਿ ॥

## ਦਿੱਲੀ ਵਿਖੇ ਸਲਾਨਾ

# ਅਖੰਡ ਕੀਰਤਨ ਪ੍ਰੋਗਰਾਮ

## ਸਵੇਰੇ

ਕੀਰਤਨ ਆਸਾ ਦੀ ਵਾਰ [ਅਰੰਭ ਸਵੇਰੇ ਪੰਜ ਵਜੇ]

੧੩-੧੦-੭੨ ਸ਼ੁਕ੍ਰਵਾਰ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਕਰੋਲ ਬਾਗ਼, ਨਵੀਂ ਦਿਲੀ।

੧੪-੧੦-੭੨ ਸਨੀਚਰਵਾਰ ਗੁ: ਸੀਸਗੰਜ ਸਾਹਿਬ, ਦਿਲੀ।

੧੫-੧੦-੭੨ ਐਤਵਾਰ ਗੁ: ਬੰਗਲਾ ਸਾਹਿਬ, ਨਵੀਂ ਦਿਲੀ।

੧੬-੧੦-੭੨ ਸੋਮਵਾਰ ਗੁ: ਰਕਾਬ ਗੰਜ ਸਾਹਿਬ ਨਵੀਂ ਦਿਲੀ।

## ਸ਼ਾਮ

ਪਾਠ ਰਹਿਰਾਸ ਸਾਹਿਬ ਤੇ ਕੀਰਤਨ [੭ ਤੋਂ ੯ ਤਕ]

੧੩-੧੦-੭੨ ਸ਼ੁਕਰਵਾਰ ਗੁ: ਸ੍ਰੀ ਗੁਰੂ ਸਿੰਘ ਸਭਾ (ਅਕਾਲੀ ਬਾਬਾ ਫੂਲਾ ਸਿੰਘ) ਪੂਸਾ ਰੋਡ, ਰਾਜਿੰਦਰ ਨਗਰ, ਨਵੀਂ ਦਿਲੀ।

੧੪-੧੦-੭੨ ਸਨੀਚਰਵਾਰ ਗੁ: ਬੰਗਲਾ ਸਾਹਿਬ ਨਵੀਂ ਦਿਲੀ।

੧੫-੧੦-੭੨ ਐਤਵਾਰ ,, ,, ,, ,,

੧੬-੧੦-੭੨ ਸੋਮਵਾਰ ਰਾਤ ੮ ਵਜੇ ਤੋਂ ੧੭-੧੦-੭੨ ਮੰਗਲਵਾਰ ਸਵੇਰੇ ੬ ਵਜੇ ਤਕ ਕੀਰਤਨ ਰੈਣ ਸਬਾਈ ਗੁਰਦਵਾਰਾ ਰਕਾਬ ਗੰਜ ਸਾਹਿਬ ਨਵੀਂ ਦਿਲੀ।

੧੬-੧੦-੭੨ ਸੋਮਵਾਰ ਅਮ੍ਰਿਤ ਸੰਚਾਰ ਦਿਨ ਦੇ ੨ ਵਜੇ-ਗੁਰਦਵਾਰਾ ਰਕਾਬ ਗੰਜ ਸਾਹਿਬ ਨਵੀਂ ਦਿਲੀ

ਦਾਸਰੇ: ਅਖੰਡ ਕੀਰਤਨ ਜਥਾ



www.AKJ.Org

## AUTOBIOGRAPHY

OF

# Bhai Sahib Randhir Singh Ji

Translated with introductory thesis

BY

## Dr. Trilochan Singh

ਡਾ: ਏ. ਸੀ. ਬੈਨਰਜੀ ਸਿਖ ਇਤਿਹਾਸ ਤੇ ਰਾਜਪੂਤਾਨਾਂ ਦੇ ਇਤਿਹਾਸ ਦੇ ਚੋਟੀ ਦੇ ਵਿਦਵਾਨ ਹਨ । ਇਹ ਕਲਕਤਾ ਯੂਨੀਵਰਸਟੀ ਦੇ ਪ੍ਰੋ: ਵਾਇਸਚਾਂਸਲਰ ਰਹੇ ਹਨ । ਅਜ ਕਲ ਯਾਦਵਪੁਰ ਯੂਨੀਵਰ-ਸਟੀ ਵਿਚ ਸਿਖ ਇਤਿਹਾਸ ਤੇ ਕਲਚਰ ਦੇ ਪ੍ਰੋਫੈਸਰ ਹਨ ਇਸ ਪੁਸਤਕ ਨੂੰ ਪੜ੍ਹ ਕੇ ਉਹ ਲਿਖਦੇ ਹਨ ।

I had heard of Bhai Sahib Randhir Singh in connection with the history of the revolutionery movement, but I never knew that he was a God-intoxicated man. The book cast a spell on me. I read it continuously for two days and shall read it again.It shows how Sikhism remains a living and active religous force even in the 20th century. A community which can produce such a man can give our country and the world knew values and ideals."

**(Dr ) A, C. Banerjee**
**Jadavpur University**
Calcutta

| | |
|---|---|
| Excellent get up | Price Rs. 20 |
| Demy Octavo | Shillings. 35 |
| 448+70 Pages | Dollars. 5 |

easonable discount will be given to Booksellers

**BHAI SAHIB BHAI RANDHIR SINGH PUBLISHING HOUSE**
126 Model Town, Ludhiana-2
PUNJAB (India)



www.AKJ.Org

ੴ ਸਤਿਗੁਰ ਪ੍ਰਸਾਦਿ ॥

# ਅਖੰਡ ਕੀਰਤਨ ਸਮਾਗਮ

ਆਉ ਜੀ ਤੂੰ ਆਉ ਹਮਾਰੈ, ਰਹਿ ਜਸ ਸਰਵਨ ਸੁਨਾਵਨਾ ''

ਤੁਸ ਆਵਤ ਮੇਰਾ ਮਨ ਤਨ ਹਰਿਆ- ਹਰਿ ਜਸ ਤੁਮ ਸੰਗ ਗਾਵਨਾ ''

ਪਿੰਡ ਝਾਂਡੇ ਜ਼ਿਲਾ ਲਧਿਆਣਾ ਵਿਖੇ ਮਾਸਕ ਟੈਣ ਸਬਾਈ ਅਖੰਡ ਕੀਰਤਨ ਸਮਾਗਮ

ਪਿੰਡ ਝਾਂਡੇ ਜ਼ਿਲਾ ਲੁਧਿਆਨਾ ਵਿਖੇ ਭਾਈ ਅਮਰ ਸਿੰਘ ਜੀ ਦੇ ਗ੍ਰਿਹਿ ਵਿਖੇ 28-10-72, 29-10-72 ਦੀ ਵਿਚਕਾਂਰਲੀ ਰਾਤ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਚਖੰਡ ਵਾਸੀ ਨਾਰੰਗਵਾਲ ਜੀ ਦੇ ਨਿਕਟਵਰਤੀ ਜਥਿਆਂ ਵਲੋਂ ਰੈਣ ਸੁਹਾਵੜੀ ਕੀਰਤਨ ਦੇ ਸ਼ੁਭ ਅਵਸਰ ਜੁੜ ਰਹ ਹਨ। ਇਹ ਪਵਿੱਤਰ ਮਾਸਿਕ ਸਮਾਗਮ ਅਪ੍ਰੈਲ 1959 ਤੋਂ ਪਿੰਡਾਂ, ਕਸਬਿਆਂ ਅਤੇ ਸ਼ਹਿਰਾ ਵਿਖੇ ਲਗਾਤਾਰ ਸਤਿਗੁਰੂ ਦੀਆਂ ਬਖਸ਼ਸ਼ਾ ਨਾਲ ਬੜੀ ਚੜ੍ਹਦੀ ਕਲਾਂ ਵਿਖੇ ਹੋ ਰਹੇ ਹਨ। ਇਨ੍ਹਾਂ ਸਮਾਗਮਾਂਵਿਚ ਕੀਰਤਨ ਦੀ ਫੁਲਵਾੜੀ ਵਿਚੋਂ ਬੇਅੰਤ ਗੁਰ ਸਿੱਖ ਵੀਰ ਭੈਣ ਜੱਥਿਆਂ ਸਮੇਤ ਬਿਨਾ ਕਿਸੇ ਕਿਸਮ ਦੇ ਲਾਲਚ ਤੋਂ ਸੱਚੀਆਂ ਸੁੱਚੀਆਂ ਹਾਜ਼ਰੀਆਂ ਭਰਕੇ ਆਪਣੇ ਆਪਣੇ ਜੀਵਨ ਸਫਲ ਕਰ ਰਹੇ ਹਨ। ਗੁਰਬਾਣੀ ਦਾ ਸਚਾ ਪ੍ਰਚਾਰ ਹਰਿ ਕੀਰਤਨ ਰਾਹੀਂ ਕਰ ਰਹੇ ਹਨ।

ਸਰਬਤ ਗੁਰੂਸਿਖਸੰਗਤਾਂ ਦੇ ਚਰਨਾਂ ਵਿਖੇ ਜੋਦੜੀਆਂ ਹਨ. ਕਿ ਇਸ ਪ੍ਰਵਿੱਤਰ ਮਾਸਕ ਸਮਾਗਮ ਵਿਚ ਆਇ ਜੁੜੋ ਅਤੇ ਅੰਮ੍ਰਿਤ ਕੀਰਤਨ ਦੇ ਪ੍ਰਵਿੱਤਰ ਡਾਂਰੇ ਭੂੰਚ ਕੇ ਦਾਸਿਰਿਆਂ ਨੂੰ ਧੰਨਵਾਦੀ ਬਣਾਉ।

I ਪਿੰਡ ਝਾਂਡੇ ਲੁਧਿਆਣਾ ਫੀਰੋਜਪੁਰ ਰੇਲਵੇ ਲਾਈਨ ਦੇ ਸਟੇਸ਼ਨ ਬੱਦੋਵਾਲ ਤੋਂ ਸਿਰਫ ਇਕ ਮੀਲ ਦੀ ਵਿੱਥ ਤੇ ਹੈ।

II ਲੁਧਿਆਣੇ ਤੋਂ ਝਾਂਡੇ ਨੂੰ ਲੋਕਲ ਬਸਾਂ ਦੀ ਸਰਵਿਸ 5. 45 ਸਵੇਰ ਤੋਂ ਅਰੰਭ ਹੋਕੇ ਸ਼ਾਮ ਦੇ 7. 15 ਤੱਕ ਚਲਦੀ ਰਹਿੰਦੀ ਹੈ।

ਦਾਸ :—
ਅਮਰ ਸਿੰਘ ਝਾਂਡੇ
ਡਾਕਘਰ ਬਦੋਵਾਲ
ਤਹਿਸੀਲ, ਜ਼ਿਲਾ
ਲੁਧਿਆਣਾ

ਪੁੱਛ ਗਿਛ ਲਈ :—
ਮਾਸਟਰ ਉਜਗਾਰ ਸਿੰਘ 'ਖਾਲਸਾ'
ਫਰਵਾਲੀ ਡਾਕਘਰ ਲੋਹਟਵੱਦੀ
ਜ਼ਿਲਾ ਸੰਗਰੂਰ
ਬਰਾਸਤਾ ਰਾਇਕੋਟ



www.AKJ.Org

## ਜਰੂਰੀ ਸੂਚਨਾ

ਬਹੁਤ ਸਾਰੇ ਚੰਦੇ ਨਹੀ ਪੁਜੇ । ਆਪ ਨੂੰ ਚੰਦਾ ਮੁਕਣ ਦੀ ਸੂਚਨਾ ਹਰ ਮਹੀਨੇ ਭੇਜ ਰਹੇ ਹਾਂ । ਸੋ ਜਿਨਾ ਸਜਣਾਂ ਨੂੰ ਏਹ ਸੂਚਨਾ ਪਹੁੰਚ ਰਹੀ ਹੈ ਉਹ ਕ੍ਰਿਪਾ ਕਰਕੇ ਚੰਦਾ ਫੋਰਨ ਭੇਜਣ ਦੀ ਕ੍ਰਿਪਾਲਤਾ ਕਰਨ । ਐਸ ਵਕਤ 400 ਸਜਣਾਂ ਦੇ ਚੰਦੇ ਸਮਾਪਤ ਹੋ ਚੁਕੇ ਹਨ ਤੇ ਕਈ ਮਹੀਨਿਆਂ ਤੋਂ ਬੇਨਤੀਆਂ ਕਰੀ ਜਾ ਰਹੇ ਹਾ । ਪਰਚਾ ਚਲਦਾ ਰਖਣ ਲਈ ਮਾਇਆ ਦੀ ਲੋੜ ਹੈ । ਤੇ ਮਾਇਆ ਆਪ ਨੇ ਹੀ ਭੇਜਣੀ ਹੈ । ਸੋ ਧਰਮ ਦੀ ਸੇਵਾ ਨੂੰ ਮੁਖ ਰਖਦੇ ਹੋਏ ਆਪਣਾ ਫਰਜ਼ ਪੂਰਾ ਕਰੋ ਜੀ ।

ਜਿਸ ਕਿਸੇ ਨੇ ਪਰਚਾ ਅਗੇ ਤੋਂ ਬੰਦ ਕਰਨਾ ਹੋਏ ਉਹ ਵੀ ਲਿਖ ਭੇਜਨ ਦੀ ਕ੍ਰਿਪਾਲਤਾ ਕਰਨ ।

—ਐਡੀਟਰ—

## ਸੂਚਨਾ

ਆਪਦਾ ਸਿਰਨਾਵਾਂ ਬਦਲ ਜਾਏ ਤਾਂ ਫੋਰਨ ਹੀ ਐਡੀਟਰ ਸੂਰਾ ਨੂੰ ਪਤਾ ਦਿਉ ॥
ਚਿੱਠੀ ਪਤਰ ਕਰਨ ਸਮੇਂ ਤੇ ਮਨੀਆਰਡਾਰਾਂ ਤੇ ਆਪਣਾ ਚਿਟ ਨੰਬਰ ਜਰੂਰ ਦਿਉ ।
ਜੇ ਆਪ ਨੂੰ 'ਸੂਰਾ' ਨਾ ਮਿਲ ਤਾਂ ਪਤਾ ਦਿਓ । ਦੂਸਰੀ ਕਾਪੀ ਭੇਜ ਦਿਤੀ ਜਾਵੇਗੀ ।

ਐਡੀਟਰ

---

## ਯੋਗ ਵਰ ਦੀ ਲੋੜ

ਇਕ ਤਿਆਰ ਬਰ ਤਿਆਰ ਕੰਨਿਆ ਲਈ ਯੋਗ ਵਰ ਦੀ ਲੋੜ ਹੈ । ਬੀਬੀ ਦੀ ਉਮਰ 22 ਸਾਲ ਹੈ । ਬੀਬੀ ਦੀ ਪੜ੍ਹਾਈ ਮਾਮੂਲੀ ਹੈ । ਲੋੜਵੰਦ ਸਜਣ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰਨ ਦੀ ਖੇਚਲ ਕਰਨ ਜਾਂ ਜ਼ਾਤੀ ਤੌਰ ਤੇ ਮਿਲਣ ।

ਦੀ ਸੈਂਟਰਲ ਪ੍ਰਿੰਟਿੰਗ ਪ੍ਰੈਸ
25 ਸੁਭਾਸ਼ ਮਾਰਕਿਟ, ਬਰੇਲੀ ।
ਟੈਲੀਫਨ ਨੰ: 6777



www.AKJ.Org

# ਸ੍ਰੀ ਹੇਮ ਕੁੰਟ ਮਿਸ਼ਨ

ਵਲੋਂ : ਭਾਈ ਹਰਚਰਨ ਸਿੰਘ

ੴ

ਰਹਿਣੀ ਰਹੈ ਸੋਈ ਸਿਖ ਮੇਰਾ ।

ਉਹ ਸਾਹਿਬ ਮੈ ਉਸ ਕਾ ਚੇਰਾ ॥ (ਸ੍ਰੀ ਮੁਖਵਾਕ ਪਾ: 10)

(ਸ੍ਰੀ ਹੇਮ ਕੁੰਟ ਮਿਸ਼ਨ ਨਾਲ ਅਖੰਡ ਕੀਰਤਨੀ ਜੱਥੇ ਦਾ ਕੋਈ ਸੰਬੰਧ ਨਹੀਂ ਹੈ । ਇਹ ਇਕ ਅਲੱਗ ਸੰਸਥਾ ਹੈ । ਪਰ ਸਾਡੀ ਏਨ੍ਹਾਂ ਨਾਲ ਪੂਰੀ ਹਮਦਰਦੀ ਹੈ । ਸਤਿਗੁਰ ਏਨ੍ਹਾਂ ਨੂੰ ਇਸ ਮਹਾਨ ਕੰਮ ਵਿਚ ਸਫਲਤਾ ਬਖਸ਼ਣ ।।ਐਡੀਟਰ)

ਜਦ ਕਿਸੇ ਖਾਲਸਾ ਕਾਲਜ ਵਿਚ ਜਾਣ ਦਾ ਸਮਾਂ ਮਿਲਦਾ ਹੈ ਤਾਂ ਇਹ ਵੇਖਣ ਵਿਚ ਆਉਂਦਾ ਹੈ ਕਿ ਕੁਝ ਨੌਜਵਾਨ ਪ੍ਰੋਫੈਸਰਾਂ ਦੀਆਂ ਦਾੜ੍ਹੀਆਂ ਕਤਰੀਆਂ ਹੁੰਦੀਆਂ ਹਨ । ਕਾਲਜ ਦੇ ਵਿਦਿਆਰਥੀਆਂ ਦੀਆਂ ਦਾੜ੍ਹੀਆਂ ਤਾਂ ਆਮ ਹੀ ਟ੍ਰਿਮ ਕੀਤੀਆਂ ਹੁੰਦੀਆਂ ਹਨ । ਇਸ ਤਰ੍ਹਾਂ ਹੀ ਦਫਤਰਾਂ ਵਿਚ, ਪੁਲੀਸ ਦੇ ਸਿਪਾਹੀਆਂ ਅਤੇ ਹੋਰ ਕਰਮਚਾਰੀਆਂ ਦਾ ਹਾਲ ਹੈ । ਜੇ ਕਿਸੇ ਬਸ ਵਿਚ ਸਫਰ ਕਰੋ ਤਾਂ ਪਿੰਡਾਂ ਵਿਚ ਰਹਿਣ ਵਾਲੇ ਨੌਜਵਾਨਾਂ ਦੀਆਂ ਦਾੜ੍ਹੀਆਂ ਅਤੇ ਕੇਸ ਸਾਬਤ ਵਿਖਾਈ ਨਹੀਂ ਦਿੰਦੇ ਜਿਸ ਤੋਂ ਹਰ ਇਕ ਰਹਿਣ ਵਾਲੇ ਸਿੱਖ ਨੂੰ ਬਹੁਤ ਦੁੱਖ ਪ੍ਰਤੀਤ ਹੁੰਦਾ ਹੈ । ਇਹਨਾਂ ਹਾਲਾਤ ਤੋਂ ਪ੍ਰਗਟ ਹੁੰਦਾ ਹੈ ਕਿ ਸਿੱਖ ਨੌਜਵਾਨ ਇਕ ਅਜਿਹੇ ਮੋੜ ਵਲ ਚਲੇ ਜਾ ਰਹੇ ਹਨ ਕਿ ਜੇ ਉਹਨਾਂ ਨੂੰ ਠੀਕ ਰਸਤੇ ਤੇ ਨਾ ਲਿਆਂਦਾ ਗਿਆ ਤਾਂ ਸਿੱਖ ਧਰਮ ਦਾ ਪੰਜਾਬ ਵਿਚ ਉਹੀ ਹਾਲ ਹੋ ਜਾਵੇਗਾ ਜਿਹੜਾ ਕਿ ਬੁੱਧ ਮਤ ਦਾ ਭਾਰਤ ਵਰਸ਼ ਵਿਚ ਹੋਇਆ ਹੈ, ਭਾਵ ਹੌਲੀ ਹੌਲੀ ਸਾਡੀ ਅਗਲੀ ਪੀੜ੍ਹੀ ਗੁਰਮਤਿ ਨੂੰ ਤਲਾਂਜਲੀ ਦੇ ਦੇਵੇਗੀ ।

ਇਹ ਹਾਲ ਵੇਖ ਕੇ ਗੁਰਮੁਖ ਸਜਨ ਮਨ ਵਿਚ ਬੜਾ ਦੁੱਖ ਪ੍ਰਤੀਤ ਕਰਦੇ ਹਨ ਅਤੇ ਸੱਚੇ ਪਾਤਸ਼ਾਹ ਅਗੇ ਬੇਨਤੀ ਕਰਦੇ ਹਨ ਕਿ ਮਹਾਰਾਜ ! ਆਪਣੇ ਪੰਥ ਦੇ ਆਪ ਸਹਾਈ ਹੋਵੋ, ਦੈਵੀ ਸ਼ਕਤੀ ਰਾਹੀਂ ਇਸ ਦੀ ਆਪ ਰਹਿਨੁਮਾਈ ਕਰੋ ਅਤੇ ਇਸ ਮਨ-ਮਤ ਤੋਂ ਸਿੱਖ ਨੌਜਵਾਨਾਂ ਨੂੰ ਹੱਥ ਦੇ ਕੇ ਬਚਾਉ ।



www.AKJ.Org

ਸ੍ਰ: ਹਰਨਾਮ ਸਿੰਘ ਵਾਸੂ ਜੀ ਨੇ ਇਹ ਹਾਲਤ ਵੇਖ ਕੇ ਆਪਣੇ ਮਨ ਦੇ ਭਾਵ ਦੋ ਲੇਖਾਂ ਵਿਚ ਪ੍ਰਗਟ ਕੀਤੇ ਹਨ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਜੇ ਇਸ ਸਮੇਂ ਸਾਡੀ ਕੌਮ ਨੇ ਪ੍ਰਚਾਰ ਦਾ ਕੋਈ ਠਿਗਰ ਕੰਮ ਹਥ ਵਿਚ ਨਾ ਲਿਆ ਤਾਂ ਸਾਡੀ ਅਗਲੀ ਪਨੀਰੀ ਗੁਰਸਿੱਖੀ ਤੋਂ ਕੋਰੀ ਰਹਿ ਜਾਵੇਗੀ।

ਸਿੱਖ ਨੌਜਵਾਨਾਂ ਦੀ ਇਹ ਦੁਖਦਾਈ ਹਾਲਤ ਵੇਖ ਕੇ ਚੰਡੀਗੜ੍ਹ ਵਿਚ ਰਹਿੰਦੇ ਗੁਰੂ ਘਰ ਦੇ ਕੁਝ ਸੇਵਕਾਂ ਨੇ ਅਕਾਲ ਪੁਰਖ ਜੀ ਦੀ ਓਟ ਲੈ ਕੇ 'ਹੇਮ ਕੁੰਟ ਮਿਸ਼ਨ ਚੰਡੀਗੜ' ਦੀ ਸਥਾਪਨਾ ਕੀਤੀ ਹੈ। ਇਸ ਮਿਸ਼ਨ ਦੀ ਸੇਵਾ ਲਈ ਹੇਠ ਲਿਖੀ ਪੰਚਾਇਤ ਬਣਾਈ ਹੈ :—

1. ਸ੍ਰ: ਹਰਨਾਮ ਸਿੰਘ ਵਾਸੂ, ਸੀਨੀਅਰ ਐਡਵੋਕੇਟ, ਚੰਡੀਗੜ (ਪ੍ਰਧਾਨ)
2. ਪ੍ਰੋਫੈਸਰ ਕਰਤਾਰ ਸਿੰਘ ਜੀ, ਹੁਸ਼ਿਆਰਪੁਰ ਵਾਲੇ।
3. ਸ੍ਰ: ਗੁਰਸ਼ਰਨ ਸਿੰਘ, ਸੈਕਟਰ 18, ਚੰਡੀਗੜ੍ਹ।
4. ਬੀਬੀ ਭਗਵੰਤ ਕੌਰ (ਬੀਬੀ ਭਾਗ ਜੀ), ਕਸ਼ਮੀਰ ਵਾਲੇ।
5. ਹਰਿਚਰਨ ਸਿੰਘ, ਚੰਡੀਗੜ੍ਹ (ਜਨਰਲ ਸਕੱਤਰ)।

ਇਸ ਪੰਚਾਇਤ ਵਿਚ 20 ਗੁਰਮੁਖ ਸੱਜਣ ਉਹਨਾਂ ਪਿੰਡਾਂ ਦੇ ਲਏ ਜਾਣਗੇ ਜਿਥੇ ਪਹਿਲਾਂ ਗੁਰਮਤ ਪ੍ਰਚਾਰ ਅਰੰਭ ਕਰਨਾ ਹੈ।

ਹੇਮ ਕੁੰਟ ਮਿਸ਼ਨ ਦਾ ਜਨਰਲ ਮੈਂਬਰ ਤਾਂ ਹਰ ਇਕ ਬਾਲਗ ਅੰਮ੍ਰਿਤਧਾਰੀ ਗੁਰਸਿੱਖ, ਜੋ ਰਹਿਤ ਮਰਯਾਦਾ ਵਿਚ ਪ੍ਰਪਕ ਹੋਵੇ, ਨੀਯਮ ਅਨੁਸਾਰ ਬਣ ਸਕਦਾ ਹੈ ਪਰ ਮਿਸ਼ਨ ਦਾ ਪ੍ਰਬੰਧਕ ਮੈਂਬਰ ਭਾਵ ਗਵਰਨਿੰਗ ਬਾਡੀ ਦਾ ਮੈਂਬਰ ਹੋਣ ਲਈ ਹੇਠ ਲਿਖੇ ਗੁਣ (Qualifications) ਹੋਣ ਜਰੂਰੀ ਹਨ :—

1. ਉਮਰ ਘੱਟ ਘੱਟ 18 ਸਾਲ ਹੋਵ;
2. ਅੰਮ੍ਰਿਤਧਾਰੀ, ਗੁਰਮਤਿ ਰਹਿਤ ਦਾ ਧਾਰਨੀ ਅਤੇ ਪੰਜਾਂ ਬਾਣੀਆਂ ਦਾ ਪਾਠ ਨੇਮ ਨਾਲ ਰੋਜ਼ਾਨਾ ਕਰਦਾ ਹੋਵੇ;
3. ਕੇਸਾਂ ਨੂੰ ਜਾਂ ਦਾਹੜੇ ਨੂੰ ਕੋਈ ਖਿਜ਼ਾਬ ਕਲਫ਼ ਜਾਂ ਹੋਰ ਕੋਈ ਰੰਗ ਆਦਿ ਨਾ ਲਾਉਂਦਾ ਹੋਵੇ;
4. ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਦਿੰਦਾ ਹੋਵੇ ਅਤੇ ਅੱਗੋਂ ਅਜਿਹਾ ਕਰਨ ਦਾ ਪ੍ਰਣ ਕਰੇ;
5. ਕਿਸੇ ਪਾਰਲੀਮੈਂਟ, ਅਸੈਂਬਲੀ, ਲੋਕਲ ਬਾਡੀ (ਮਿਉਨਿਸਪਲ ਕਮੇਟੀ, ਜ਼ਿਲ੍ਹਾ ਪ੍ਰੀਸ਼ਦ, ਸੰਮਤੀ, ਗ੍ਰਾਮ ਪੰਚਾਇਤ), ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਲੋਕਲ ਗੁਰਦਵਾਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਸਟੂਡੈਂਟ ਫੈਡਰੇਸ਼ਨ, ਕਾਲਜ ਮੈਨਜਿੰਗ ਕਮੇਟੀ, ਸਕੂਲ ਮੈਨਿਜਿੰਗ ਕਮੇਟੀ ਜਾਂ ਹੋਰ ਕਿਸੇ ਪਲੀਟੀਕਲ ਜਥੇਬੰਦੀ ਦਾ ਇਲੈਕਟਿਡ ਮੈਂਬਰ ਨਾ ਹੋਵੇ ਅਤੇ ਇਹ ਪ੍ਰਣ ਕਰੇ ਕਿ ਉਹ ਜਦ ਤਕ ਮਿਸ਼ਨ ਦਾ ਪ੍ਰਬੰਧਕ ਮੈਂਬਰ ਰਹੇਗਾ ਕਿਸੇ ਸੰਸਥਾ ਦੀ ਈਲੈਕਸ਼ਨ ਵਾਸਤੇ ਉਮੀਦਵਾਰ ਖੜਾ ਨਹੀਂ ਹੋਵੇਗਾ।



www.AKJ.Org

ਇਸ ਮਿਸ਼ਨ ਦਾ ਟੀਚਾ ਹੈ ਕਿ ਪਹਿਲਾਂ 20 ਪਿੰਡ ਚੁਣੇ ਜਾਣ ਜਿਨ੍ਹਾਂ ਵਿਚ ਲੋਕਲ ਸੱਜਣਾਂ ਦੇ ਸਹਿਯੋਗ ਨਾਲ ਗੁਰਮਤਿ ਪ੍ਰਚਾਰ ਆਰੰਭ ਕੀਤਾ ਜਾਵੇ। ਇਹ ਪ੍ਰਚਾਰ ਉਸੇ ਢੰਗ ਦਾ ਹੀ ਹੋਵੇ ਜਿਸ ਤਰ੍ਹਾਂ ਕਿ ਈਸਾਈ ਮਿਸ਼ਨਰੀਜ਼ ਦੂਜੇ ਦੇਸਾਂ ਵਿਚੋਂ ਆ ਕੇ ਕਰਦੇ ਹਨ। ਨਗਰ ਨਿਵਾਸੀਆਂ ਦੀਆਂ ਜਿਹੜੀਆਂ ਤਕਲੀਫ਼ਾਂ ਹੋਣ ਉਨ੍ਹਾਂ ਨੂੰ ਬੜੇ ਪ੍ਰੇਮ ਅਤੇ ਦਰਦ ਨਾਲ ਦੂਰ ਕਰਨ ਦਾ ਯਤਨ ਕੀਤਾ ਜਾਏ। ਜਿਹੜਾ ਗਰੀਬ ਹੋਵ ਉਸ ਲਈ ਰੋਟੀ ਕਪੜੇ ਦਾ ਪ੍ਰਬੰਧ ਕੀਤਾ ਜਾਏ, ਜੇ ਰੋਗੀ ਹੋਵੇ ਉਸ ਨੂੰ ਮੁਫ਼ਤ ਦਵਾਈ ਦਿਤੀ ਜਾਵੇ। ਜ ਕਿਸੇ ਰੋਗੀ ਦਾ ਇਲਾਜ ਪਿੰਡ ਜਾਂ ਨੇੜ ਦੇ ਸ਼ਹਿਰ ਵਿਚ ਨਾ ਹੋ ਸਕੇ ਤਾਂ ਉਸਨੂੰ ਚੰਡੀਗੜ ਜਾਂ ਹੋਰ ਕਿਸੇ ਵਡ ਸ਼ਹਿਰ ਦੇ ਹਸਪਤਾਲ ਵਿਚ ਲਿਆਂਦਾ ਜਾਵ ਅਤੇ ਉਸ ਦਾ ਯੋਗ ਇਲਾਜ ਕਰਵਾਇਆ ਜਾਵੇ, ਪਿੰਡ ਵਾਸੀਆਂ ਦੀਆਂ ਹੋਰ ਜਿਹੜੀਆ ਤਕਲੀਫ਼ਾਂ ਮਿਲਵਰਤਣ ਨਾਲ ਦੂਰ ਕੀਤੀਆਂ ਜਾ ਸਕਣ, ਦੂਰ ਕੀਤੀਆਂ ਜਾਣ ਅਤੇ ਇਹ ਸੇਵਾ ਕਰਦਿਆਂ ਇਸ ਗਲ ਦਾ ਉਕਾ ਹੀ ਕੋਈ ਵਿਤਕਰਾ ਨਾ ਹੋਵੇ ਕਿ ਲੋੜਵੰਦ ਸੱਜਣ ਕਿਸ ਧਰਮ ਜਾਂ ਜਾਤੀ ਨਾਲ ਸਬੰਧ ਰਖਣ ਵਾਲਾ ਹੈ।

ਆਮ ਸਿੱਖਾਂ ਦਾ ਇਹ ਖਿਆਲ ਸੀ ਸਾਡੀ ਮੁਖ ਸੰਸਥਾ, ਜਿਨ੍ਹਾਂ ਕੋਲ ਧਨ ਦੀ ਕੋਈ ਘਾਟ ਨਹੀਂ ਅਤੇ ਜਿਨ੍ਹਾ ਕੋਲ ਹਜ਼ਾਰਾਂ ਕਰਮਚਾਰੀ ਨੌਕਰ ਹਨ ਅਤੇ ਉਨ੍ਹਾਂ ਸੰਸਥਾ ਦੇ ਅਪਨਾਏ ਸੱਜਣਾਂ ਨੂੰ ਰਾਜਗਦੀ ਵੀ ਪ੍ਰਾਪਤ ਹੋ ਗਈ ਸੀ, ਗੁਰਮਤਿ ਪ੍ਰਚਾਰ ਲਈ ਆਪਣਾ ਸਾਰਾ ਤਾਣ ਲਾ ਦੇਵੇਗੀ ਪਰ ਅਫਸੋਸ ਹੈ ਕਿ ਉਹਣਾਂ ਨੇ ਆਪਣ ਹੋਰ ਰੁਝੇਵਿਆਂ ਵਿਚ ਉਲਝ ਕੇ ਕੋਈ ਠੋਸ ਕੰਮ ਗੁਰਮਤਿ ਪ੍ਰਚਾਰ ਲਈ ਨਹੀਂ ਕੀਤਾ। ਇਨ੍ਹਾਂ ਹਾਲਤਾਂ ਨੂੰ ਮੁਖ ਰਖਦੇ ਹੋਏ ਹਰ ਇਕ ਗੁਰਸਿੱਖ ਦਾ, ਗੁਰੂ ਦਾ ਕਾਰਜ ਸਮਝਦੇ ਹੋਏ, ਇਹ ਫ਼ਰਜ਼ ਬਣਦਾ ਹੈ ਕਿ ਉਹ ਤਨ ਮਨ ਧਨ ਨਾਲ ਗੁਰਮਤਿ ਪ੍ਰਚਾਰ ਦੀ ਸੇਵਾ ਵਿਚ ਭਾਗ ਲਵ।

ਇਸ ਪ੍ਰਚਾਰ ਹਿਤ ਹੇਠ ਲਿਖੀਆਂ ਚੀਜ਼ਾਂ ਦੀ ਲੋੜ ਅਤੀ ਜ਼ਰੂਰੀ ਸਮਝੀ ਗਈ :—

1. ਇਕ ਮਿਨੀ ਬਸ, ਜਿਸ ਵਿਚ ਲਾਊਡ-ਸਪੀਕਰ ਅਤੇ ਜੇਨਰੇਟਰ ਫਿੱਟ ਹੋਣ;
2. ਸ਼ਹੀਦਾਂ ਅਤੇ ਸਿੱਖ ਜੋਧਿਆਂ ਦੀਆਂ ਜੀਵਨ ਝਲਕੀਆਂ ਸਲਾਈਡਜ਼ ਰਾਹੀਂ ਵਿਖਾਈਆਂ ਜਾਣ; ਇਸ ਲਈ ਇਕ ਪ੍ਰਜੇਕਟਰ ਅਤੇ ਸਲਾਈਡਜ਼ ਅਤੇ ਸਬੰਧਤ ਕਮੈਂਟਰੀ (Commentary) ਦਾ ਪ੍ਰਬੰਧ ਕੀਤਾ ਜਾਵੇ;
3. ਇਕ ਢਾਡੀ ਜੱਥਾ ਰਖਿਆ ਜਾਵੇ ਜਿਹੜਾ ਕਿ ਰਹਿਤ ਮਰਯਾਦਾ ਵਿਚ ਪਰਪਕ ਹੋਵੇ। ਇਸ ਜਥੇ ਦੇ ਸਾਰੇ ਸਿੰਘਾਂ ਦੇ ਦਾੜ੍ਹੇ ਪ੍ਰਕਾਸ਼ਮਾਨ ਹੋਣ ਅਤੇ ਪੰਜ ਕਰਾਰ ਦੀ ਰਹਿਤ ਵਿਰ ਪੂਰੇ ਹੋਣ :—
4. ਇਸੇ ਤਰ੍ਹਾਂ ਹੀ ਇਕ ਕਵੀ ਰਖਿਆ ਜਾਵੇ ਜਿਹੜਾ ਕਿ ਪਿੰਡਾਂ ਵਿਚ ਸ਼ਹੀਦ ਸਿੰਘਾਂ, ਜੋਧਿਆਂ ਅਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਸਬੰਧੀ ਕਵਿਤਾਵਾਂ ਚੰਗੇ ਸੁਚੱਜੇ ਅਤੇ ਪੁਰਅਸਰ ਢੰਗ ਨਾਲ ਸੁਣਾ ਸਕੇ;

—ਚਲਦਾ—



www.AKJ.Org